
FARM AND SPICE
Open 7 Days a Week
8.30 am to 9.00 pm
Daily Specials on
Yellow/Orange/Red Pepper
99¢ /lb
Carrot Snaptop
99¢ /lb
Tomatoes Field
$1.49 /lb
Green Pepper
$1.49 /lb
Avocado
99¢ each
Zuchinni
$1.49 /lb
Tomatoes Roma
$1.49 /lb
Fuji Apple
$1.49 /lb
Orange Small Large
$1.49 /lb
Eggplant Jumbo
$1.99 each
Gala BC Apple
$1.49 /lb
Cosmic Crisp Apple
$1.49 /lb
Dragon Fruit
$2.99 each
Sohna Sarson Ka Saag
$2.99 each
Pachranga Punjabi Shakkar
1kg
$3.99 each
Sher Lentils
Moong Beans Whole/ Moong Dal Washed/ Urad Dal/Chick peas
4lb
$4.99 each
Sher Besan
4lb
$3.99 each
Heer Lentils
$5.99 each
Parliament
8lb
$7.99 each
Heer Sugar
Brown/White
$7.99 each
Red Label
Round Tea Bags
$9.99 each
A+Plus
A+Plus asstd. pulses 1kg
50% OFF
Mangoes available at both locations
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323



# ਵਿਸਾਖੀ ਜੋੜ ਮੇਲਾ

# VAISAKHI JORH MELA

ANNUAL CELEBRATION BY

## KHALSA SCHOOL

## 11 AM-6PM
## SATURDAY, APRIL 29, 2023

**AT KHALSA SCHOOL OLD YALE ROAD**
**10589 124 ST. SURREY BC**

- Nagar Kirtan
- Kirtan Darbar
- Dhadi Vaaran
- Gatka
- Fun Fair
- Games
- Bouncy Castles
- Arts & Crafts

- Food Stalls
- Pizza
- Saag & Maki Di Roti
- Pakoray
- Chaat
- Choley Bhatoorey
- Ice Cream
- Cotton Candy

## Family Friendly Event

# Everyone is Welcome!

# 30 ਸਾਲ ਪਹਿਲਾਂ ਪੁਲਿਸ ਅਧਿਕਾਰੀਆਂ ਨੇ 18 ਦਲਿਤ ਔਰਤਾਂ ਨਾਲ ਕੀਤਾ ਰੇਪ :ਕੇਸ ਅਜੇ ਵੀ ਅਦਾਲਤ ਵਿੱਚ

ਤਾਮਿਨਾਡੂ:ਉਨ੍ਹਾਂ ਨੇ ਸਾਡੇ ਨਾਲ ਬਲਾਤਕਾਰ ਕੀਤਾ, ਸਾਨੂੰ ਬੁਰੀ ਤਰ੍ਹਾਂ ਮਾਰਿਆ-ਕੁੱਟਿਆ। ਸਾਨੂੰ ਪੂਰੇ ਪਿੰਡ ਵਿੱਚ ਰੋਣ ਅਤੇ ਚੀਕਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ।"ਇਹ 20 ਜੂਨ 1992 ਦੀ ਰਾਤ ਨੂੰ ਵਾਚਾਤੀ ਪਿੰਡ ਵਿੱਚ ਵਾਪਰੀ ਇੱਕ ਘਟਨਾ ਦਾ ਵੇਰਵਾ ਹੈ, ਜੋ ਇੱਕ ਬਲਾਤਕਾਰ ਪੀੜਤਾ ਵੱਲੋਂ ਦਿੱਤਾ ਜਾ ਰਿਹਾ ਹੈ।ਉਹ ਕਹਿੰਦੀ ਹੈ, "ਉਸ ਸਮੇਂ ਮੇਰੀ ਉਮਰ ਸਿਰਫ 13 ਸਾਲ ਸੀ। ਮੈਂ ਉਸ ਦੇ ਸਾਹਮਣੇ ਰੋਂਦੀ ਰਹੀ ਅਤੇ ਗਿੜਗਿੜਾਉਂਦੀ ਰਹੀ, ਪਰ ਉਸ ਨੇ ਮੈਨੂੰ ਨਹੀਂ ਛੱਡਿਆ। ਮੈਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਘਰ ਵਿੱਚ ਭੈਣ-ਭਰਾ ਹੋਣਗੇ ਜਾਂ ਉਨ੍ਹਾਂ ਦੇ ਘਰ ਵਿੱਚ ਕੋਈ ਕੁੜੀ ਹੋਵੇਗੀ ਕਿ ਨਹੀਂ।"ਵਾਚਾਤੀ ਹਮਲਾ ਅਤੇ ਰੇਪ ਕੇਸ ਭਾਰਤ ਦੀਆਂ ਅਦਾਲਤਾਂ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਚੱਲ ਰਹੇ ਮੁਕੱਦਮਿਆਂ ਵਿੱਚੋਂ ਇੱਕ ਹੈ।1992 ਵਿੱਚ ਤਾਮਿਲਨਾਡੂ ਦੇ ਵਾਚਾਤੀ ਪਿੰਡ ਦੀਆਂ ਅਠਾਰਾਂ ਔਰਤਾਂ ਨਾਲ ਬਲਾਤਕਾਰ ਹੋਇਆ ਸੀ। ਉਸ ਸਮੇਂ ਤਾਮਿਲਨਾਡੂ ਸਰਕਾਰ ਦੇ ਅਧਿਕਾਰੀਆਂ ਨੇ ਪਿੰਡ 'ਤੇ ਛਾਪਾ ਮਾਰਿਆ ਅਤੇ ਸੈਂਕੜੇ ਪਿੰਡ ਵਾਸੀਆਂ ਨੂੰ ਬੁਰੀ ਤਰ੍ਹਾਂ ਨਾਲ ਕੁੱਟਿਆ।ਪਿੰਡ ਵਾਸੀਆਂ 'ਤੇ ਚੰਦਨ ਦੀ ਤਸਕਰੀ ਵਿੱਚ ਸ਼ਾਮਲ ਹੋਣ ਦਾ ਸ਼ੱਕ ਸੀ। ਇਸ ਲਈ ਉਨ੍ਹਾਂ ਨੂੰ ਸਬਕ ਸਿਖਾਉਣ ਲਈ ਪੁਲਿਸ ਅਤੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਸਣੇ ਕਈ ਸਰਕਾਰੀ ਅਧਿਕਾਰੀ ਪਿੰਡ ਪੁੱਜੇ ਸਨ।20 ਜੂਨ 1992 ਨੂੰ ਇਸ ਪਿੰਡ ਦੀਆਂ 18 ਔਰਤਾਂ ਨਾਲ ਬਲਾਤਕਾਰ ਹੋਇਆ ਅਤੇ ਕੁੱਟਮਾਰ ਕੀਤੀ ਗਈ ਸੀ। ਇਹ ਦਰਿੰਦਗੀ ਲਗਾਤਾਰ ਦੋ ਦਿਨਾਂ ਤੱਕ ਚੱਲਦੀ ਰਹੀ।ਵਾਚਾਤੀ ਪਿੰਡ ਆਦਿਵਾਸੀਆਂ ਦਾ ਹੈ ਅਤੇ ਇੱਥੋਂ ਦੇ ਲੋਕ ਦਲਿਤ ਵਰਗ ਨਾਲ ਸਬੰਧਤ ਹਨ।20 ਜੂਨ 1992 ਨੂੰ, ਵਾਚਾਤੀ ਵਿੱਚ ਕਬਾਇਲੀ ਅਤੇ ਦਲਿਤ ਭਾਈਚਾਰਿਆਂ ਦੇ ਘੱਟੋ-ਘੱਟ 100 ਪਿੰਡਵਾਲਿਆਂ ਦੀ ਕੁੱਟਮਾਰ ਕੀਤੀ ਗਈ। ਉਨ੍ਹਾਂ ਦੇ ਘਰ ਲੁੱਟੇ ਗਏ, ਉਨ੍ਹਾਂ



ਦੇ ਪਸ਼ੂ ਖੋਹ ਲਏ ਗਏ।2011 ਵਿੱਚ, ਇੱਕ ਵਿਸ਼ੇਸ਼ ਟ੍ਰਾਇਲ ਅਦਾਲਤ ਨੇ ਇਸ ਮਾਮਲੇ ਵਿੱਚ 269 ਸਰਕਾਰੀ ਅਧਿਕਾਰੀਆਂ ਵਿੱਚੋਂ 215 ਨੂੰ ਦੋਸ਼ੀ ਠਹਿਰਾਇਆ ਸੀ।ਪੁਲਿਸ ਅਤੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੂੰ 'ਦਲਿਤਾਂ 'ਤੇ ਅੱਤਿਆਚਾਰ' ਦੇ ਇਲਜ਼ਾਮਾਂ 'ਚ ਦੋਸ਼ੀ ਠਹਿਰਾਇਆ ਗਿਆ ਸੀ। ਸੁਣਵਾਈ ਦੌਰਾਨ ਜਿਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ, ਉਨ੍ਹਾਂ ਵਿੱਚੋਂ 54 ਦੀ ਸੁਣਵਾਈ ਦੌਰਾਨ ਮੌਤ ਹੋ ਗਈ ਸੀ।ਵਾਚਾਤੀ ਪਿੰਡ ਵਿੱਚ ਇੱਕ ਬੋਹੜ ਦੇ ਦਰੱਖਤ ਹੇਠਾਂ ਬੈਠੀਆਂ ਬਲਾਤਕਾਰ ਪੀੜਤ ਔਰਤਾਂ ਦਾ ਇੱਕ ਸਮੂਹ ਉਸ ਘਟਨਾ ਨੂੰ ਯਾਦ ਕਰਦਿਆਂ ਹੋਇਆ ਕਹਿੰਦਾ ਹੈ, "ਸਾਨੂੰ ਗਾਲ਼ਾਂ ਕੱਢੀਆਂ ਗਈਆਂ।ਉਨ੍ਹਾਂ ਲੋਕਾਂ ਨੇ ਸਾਨੂੰ ਪਹਿਲਾਂ ਕੁੱਟਿਆ ਅਤੇ ਫਿਰ ਸਾਡੇ ਨਾਲ ਬਲਾਤਕਾਰ ਕੀਤਾ।"ਕਾਨੂੰਨੀ ਲੜਾਈ ਲੜਦਿਆਂ ਹੋਇਆ ਸਾਨੂੰ 30 ਸਾਲ ਹੋ ਗਏ ਹਨ ਪਰ ਉਸ ਦਿਨ ਵਗਿਆ ਸਾਡਾ ਖ਼ੂਨ ਅੱਜ ਸਾਨੂੰ ਵਗਦਾ ਹੋਇਆ ਹੀ ਲੱਗ ਰਿਹਾ ਹੈ।ਉਹ ਮੰਜ਼ਰ ਅੱਜ ਵੀ ਸਾਡੇ ਦਿਲੋਂ-ਦਿਮਾਗ਼ ਵਿੱਚ ਛਾਇਆ ਹੋਇਆ ਹੈ।

## ਕਿਸਾਨਾਂ ਨੂੰ ਆਪਣੀ ਜੀਪ ਨਾਲ ਕੁਚਲਣ ਵਾਲਾ ਜ਼ਮਾਨਤ ਤੇ ਬਾਹਰ ਪਰ ਸਿੱਖਾਂ ਨੂੰ ਬਿਨਾ ਕਸੂਰ ਤੋਂ ਸਰਕਾਰ ਜੇਲ਼ਾ ਵਿੱਚ ਸੁੱਟ ਰਹੀ ਹੈ



ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਦੇ ਮੁਲਜ਼ਮ ਆਸ਼ੀਸ਼ ਮਿਸ਼ਰਾ ਜਿਸਨੇ ਸ਼ਰੇਆਮ ਕਿਸਾਨਾ ਨੂੰ ਆਪਣੀ ਜੀਪ ਨਾਲ ਕੁਚਲ ਦਿੱਤਾ ਸੀ ਉਸਦੀ ਅੰਤਰਿਮ ਜ਼ਮਾਨਤ 11 ਜਲਾਈ ਤੱਕ ਵਧਾ ਦਿੱਤੀ ਹੈ ਤੇ ਉਹ ਬਾਹਰ ਘੁੰਮ ਰਿਹਾ ਹੈ।ਜਦੋਂ ਕਿ ਸਿੱਖ ਕੈਦੀ ਬੇਕਸੂਰ ਜੇਲਾ ਵਿੱਚ ਬੰਦ ਹਨ ਤੇ ਮਮੂੰਲੀ ਕੇਸਾਂ ਵਿੱਚ ਫੜੇ ਸਿੱਖਾਂ ਦੀ ਜ਼ਮਾਨਤ ਨਹੀਂ ਹੋ ਰਹੀ। ਪੀੜਤਾਂ ਦੀ ਤਰਫੋਂ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਹੇਠਲੀ ਅਦਾਲਤ ਵਿਚ ਚੱਲ ਰਹੇ ਮੁਕੱਦਮੇ ਦੀ ਸੁਣਵਾਈ ਤੇਜ਼ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਕੇਸ ਵਿਚ 200 ਗਵਾਹ ਹਨ। ਹੇਠਲੀ ਅਦਾਲਤ ਨੂੰ ਹਫ਼ਤੇ ਵਿੱਚ ਘੱਟੋ-ਘੱਟ ਦੋ ਗਵਾਹਾਂ ਦੇ ਬਿਆਨ ਦਰਜ ਕਰਨੇ ਚਾਹੀਦੇ ਹਨ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਸੁਣਵਾਈ ਦੀ ਰਫ਼ਤਾਰ ਉਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਹੇਠਲੀ ਅਦਾਲਤ ਨੂੰ ਰੋਜ਼ਾਨਾ ਸੁਣਵਾਈ ਦਾ ਹੁਕਮ ਨਹੀਂ ਦਿੱਤਾ ਜਾ ਸਕਦਾ। ਸੁਪਰੀਮ ਕੋਰਟ ਨੇ ਕਿਹਾ, ਅਜਿਹਾ ਕਰਨ ਨਾਲ ਹੋਰ ਪੈਂਡਿੰਗ ਮਾਮਲਿਆਂ 'ਚ ਦਿੱਕਤ ਆਵੇਗੀ ਅਤੇ ਉਨ੍ਹਾਂ ਦੀ ਸੁਣਵਾਈ ਵੀ ਪ੍ਰਭਾਵਿਤ ਹੋਵੇਗੀ। ਅਦਾਲਤ ਨੇ ਕਿਹਾ, ਠਜੱਜ ਮਾਮਲੇ ਦੀ ਗੰਭੀਰਤਾ ਨਾਲ ਸੁਣਵਾਈ ਕਰ ਰਹੇ ਹਨ। ਇਸ ਦੱਸ ਦਈਏ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਦਾ ਪੁੱਤਰ ਆਸ਼ੀਸ਼ ਮਿਸ਼ਰਾ ਸਾਲ 2021 ਵਿੱਚ ਇੱਕ ਵਾਹਨ ਨਾਲ ਕਿਸਾਨਾਂ ਨੂੰ ਦਰੜਨ ਦੇ ਮਾਮਲੇ ਵਿਚ ਮੁਲਜ਼ਮ ਹੈ। 3 ਅਕਤੂਬਰ, 2021 ਨੂੰ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜ਼ਿਲ੍ਹੇ ਵਿਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਹਿੰਸਾ ਹੋ ਜਾਣ ਤੋਂ ਬਾਅਦ ਚਾਰ ਕਿਸਾਨਾਂ ਸਮੇਤ ਅੱਠ ਲੋਕਾਂ ਦੀ ਮੌਤ ਹੋ ਗਈ।

## ਸਿੱਖ ਭਾਈਚਾਰੇ ਖ਼ਿਲਾਫ਼ ਗਲਤ ਪ੍ਰਚਾਰ ਨੂੰ ਲੈ ਕੇ ਰਿਸ਼ੀ ਸੁਨਕ ਨੂੰ 350 ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਵੱਲੋਂ ਖੁੱਲ੍ਹਾ ਪੱਤਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਸਿੱਖ ਭਾਈਚਾਰੇ ਖ਼ਿਲਾਫ਼ ਬੀਤੇ ਕੁਝ ਸਮੇਂ ਤੋਂ ਕੀਤੇ ਜਾ ਰਹੇ ਗਲਤ ਪ੍ਰਚਾਰ ਨੂੰ ਲੈ ਕੇ ਬਰਤਾਨਵੀ ਸਿੱਖਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਉਕਤ ਗਤੀਵਿਧੀਆਂ ਨੂੰ ਲੈ ਕੇ 350 ਤੋਂ ਵੱਧ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਵਲੋਂ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ ਇਕ ਖੁੱਲਾ ਪੱਤਰ ਲਿਖਿਆ ਗਿਆ ਹੈ। ਜਿਸ 'ਚ ਕਿਹਾ ਗਿਆ ਹੈ ਕਿ ਬੀਤੇ ਕੁਝ ਸਮੇਂ ਤੋਂ ਬਰਤਾਨਵੀ ਸਿੱਖਾਂ ਨੂੰ ਕੱਟੜਪੰਥੀ ਅਤੇ ਅੱਤਵਾਦੀ ਵਜੋਂ ਪ੍ਰਚਾਰਿਆ ਜਾ ਰਿਹਾ ਹੈ, ਜੋ ਸਵੀਕਾਰਯੋਗ ਨਹੀਂ ਹੈ।ਖਾਸ ਤੌਰ 'ਤੇ ਖੁਦ ਮੁਖਤਿਆਰੀ ਅਤੇ ਖਾਲਿਸਤਾਨ ਦੀ ਹਮਾਇਤ ਕਰਨ ਵਾਲੇ ਸਿੱਖਾਂ ਨੂੰ ਲਗਾਤਾਰ ਗਲਤ ਧਾਰਨਾਵਾਂ ਨਾਲ ਸੰਬੋਧਨ ਕੀਤਾ ਜਾ ਰਿਹਾ ਹੈ।ਪੱਤਰ 'ਚ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਵਲੋਂ ਅਮਰੀਕਾ 'ਚ ਦਿੱਤੇ ਇਕ ਇਤਰਾਜ਼ਯੋਗ ਭਾਸ਼ਣ ਦੇ ਸੰਬੰਧ 'ਚ ਸਿੱਖ ਫੈਡਰੇਸ਼ਨ ਯੂ.ਕੇ. ਦੇ ਪ੍ਰਧਾਨ ਅਮਰੀਕ ਸਿੰਘ ਗਿੱਲ ਦੇ 9 ਫਰਵਰੀ 2022 ਨੂੰ ਲਿਖੇ ਪੱਤਰ ਦੇ ਜਵਾਬ 'ਚ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਵਲੋਂ 7 ਜੁਲਾਈ 2022 ਨੂੰ ਲਿਖੇ ਪੱਤਰ ਰਾਹੀਂ ਮੁਆਫੀ ਮੰਗੇ ਜਾਣ ਦੀ ਗੱਲ ਵੀ ਦੁਹਰਾਈ ਗਈ ਹੈ।ਪੱਤਰ 'ਚ ਇਹ ਵੀ ਰੋਸ ਪ੍ਰਗਟ ਕੀਤਾ ਗਿਆ ਹੈ ਕਿ ਸਿੱਖਾਂ ਦੇ ਅਤਿ ਮਹੱਤਵਪੂਰਨ ਦਿਹਾੜਿਆਂ ਸਮੇਂ ਸਿੱਖਾਂ ਨੂੰ ਨਜ਼ਰਅੰਦਾਜ਼ ਕਰਦਿਆਂ ਨਵੰਬਰ 2022 ਨੂੰ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਅਤੇ ਵਿਸਾਖੀ 2023 ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕੋਈ ਵੀ ਵੀਡੀਓ ਸੰਦੇਸ਼ ਜਾਰੀ ਨਹੀਂ ਕੀਤਾ ਗਿਆ।ਇਸ ਤੋਂ ਇਲਾਵਾ ਜਗਤਾਰ ਸਿੰਘ ਜੌਹਲ ਦੀ ਰਿਹਾਈ ਸਮੇਤ ਕਈ ਮਾਮਲੇ ਉਠਾਏ ਗਏ ਹਨ।ਪੱਤਰ 'ਚ ਇੱਥੋਂ ਤੱਕ ਲਿਖਿਆ ਗਿਆ ਕਿ ਸਮੇਂ ਸਮੇਂ ਮਨੁੱਖਤਾ ਦੀ ਸੇਵਾ ਕਰਨ ਵਾਲੇ ਸਿੱਖਾਂ ਦੀਆਂ ਤਾਰੀਫਾਂ ਤਾਂ ਕੀਤੀਆਂ ਜਾਂਦੀਆਂ ਹਨ, ਪਰ ਜਦੋਂ ਭਾਰਤ 'ਚ ਸਿੱਖਾਂ ਨਾਲ ਹੋ ਰਹੀ ਬੇਇਨਸਾਫੀ ਵਿਰੁੱਧ ਆਵਾਜ਼ ਉਠਾਈ ਜਾਂਦੀ ਹੈ ਤਾਂ ਸਿੱਖਾਂ ਦੀ ਨਿੰਦਿਆ ਕੀਤੀ ਜਾਂਦੀ ਹੈ, ਇਸ ਸਭ ਦਾ ਕਾਰਨ ਭਾਰਤ ਨਾਲ ਵਪਾਰਕ ਸੌਦਿਆਂ ਕਰਕੇ ਹੈ।ਪੱਤਰ 'ਚ ਲਿਖਿਆ ਕਿ 1919 ਦੇ ਜ਼ਲ੍ਹਿਆਂਵਾਲਾ ਬਾਗ ਸਾਕਾ, 1921 ਨਨਕਾਣਾ ਸਾਹਿਬ ਸਾਕਾ ਦੌਰਾਨ ਕੀਤੇ ਕਤਲੇਆਮ ਦੀ ਅਜੇ ਤੱਕ ਮੁਆਫੀ ਨਹੀਂ ਮੰਗੀ ਗਈ।









# ਜਾਣ-ਬੁੱਝ ਕੇ ਵਿਵਾਦਾਂ ਨੂੰ ਜਨਮ ਦੇਣ ਵਾਲਾ ਕੈਨੇਡਾ ਦਾ ਮਨਿੰਦਰਜੀਤ ਬਿੱਟਾ ਸੀ ਤਾਰਿਕ ਫ਼ਤਿਹ

***ਡਾ. ਗੁਰਵਿੰਦਰ ਸਿੰਘ**

**ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥**
**ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ॥**
**(ਸਲੋਕ ਭਗਤ ਕਬੀਰ ਸਾਹਿਬ, 1372)**



ਸ਼੍ਰੋਮਣੀ ਭਗਤ ਕਬੀਰ ਸਾਹਿਬ ਫ਼ੁਰਮਾਉਂਦੇ ਨੇ ਕਿ ਸਾਕਤ ਨਾਲੋਂ, ਸੂਰ ਚੰਗਾ ਹੈ ਜੋ ਪਿੰਡ ਨੂੰ ਸਾਫ ਸੁਥਰਾ ਰਖਦਾ ਹੈ। ਜਦ ਸਾਕਤ ਮਰ ਜਾਂਦਾ ਹੈ, ਕੋਈ ਉਸ ਦਾ ਨਾਮ ਤਕ ਨਹੀਂ ਲੈਂਦਾ, ਕਿਉਂਕਿ ਉਹ ਆਪਣੇ ਗੰਦੇ ਸੁਭਾਅ ਕਾਰਨ ਸਦਾ ਗੰਦਗੀ ਹੀ ਫੈਲਾਉਂਦਾ ਹੈ। ਇਹ ਬਚਨ ਕੈਨੇਡਾ ਦੇ ਸਾਕਤ ਨਿੰਦਕ ਤਾਰਕ 'ਤੇ ਪੂਰੀ ਤਰ੍ਹਾਂ ਢੁਕਦੇ ਹਨ। ਆਪਣੇ ਨਫਰਤ ਭਰੇ ਵਿਚਾਰਾਂ ਨਾਲ ਗੰਦਗੀ ਫੈਲਾਉਣ ਵਾਲਾ 'ਘੱਟ ਗਿਣਤੀਆਂ ਦਾ ਨਿੰਦਕ ਅਤੇ ਫਾਸ਼ੀਵਾਦੀ ਸਰਕਾਰੀ ਭੂਖਣਾ' ਤਾਰਿਕ ਫਤਿਹ ਸੰਸਾਰ ਤੋਂ ਤੁਰ ਗਿਆ ਹੈ, ਪਰ ਪਿੱਛੇ ਆਪਣੀ ਵਿਰਾਸਤ ਦੇ ਰੂਪ ਵਿੱਚ ਘੱਟ ਗਿਣਤੀਆਂ ਪ੍ਰਤੀ ਨਫਰਤ, ਆਪਣੀ ਕੌਮ ਤੇ ਭਾਈਚਾਰੇ ਪ੍ਰਤੀ ਮਾੜੀ ਸੋਚ ਅਤੇ ਸਰਕਾਰ ਦੇ ਧੱਕੇ ਨਾਲ ਪੀੜਤ ਲੋਕਾਂ ਬਾਰੇ ਬੇਈਮਾਨੀ ਭਰਿਆ ਗੰਦ ਛੱਡ ਗਿਆ ਹੈ।

ਮੁਸਲਮਾਨਾਂ ਅਤੇ ਸਿੱਖਾਂ ਪ੍ਰਤੀ ਤਾਰਿਕ ਫਤਿਹ ਦੀ ਜ਼ਹਿਰੀਲੀ ਸੋਚ ਕਰਕੇ ਉਸ ਦਾ ਧੰਨਵਾਦ ਕਰਨ ਵਾਲੇ, ਸਰਕਾਰੀ ਟੁੱਕੜ ਬੋਚ, ਭਾਰਤੀ ਰਾਸ਼ਟਰਵਾਦੀ ਜਿਵੇਂ ਕਿ ਅਨੁਪਮ ਖੇਰ ਵਰਗੇ ਚਾਹੇ ਅੱਜ ਉੱਸ ਨੂੰ ਸ਼ਰਧਾਂਜਲੀ ਦੇ ਰਹੇ ਹਨ, ਪਰ ਇਹ ਸੱਚ ਹੈ ਕਿ ਅਜਿਹੇ ਸਾਕਤ ਦਾ ਸੱਚ ਜਿਉਂ ਜਿਉਂ ਦੁਨੀਆਂ ਸਾਹਮਣੇ ਆਏਗਾ, ਉਸ ਦਾ ਹਾਲ ਧੋਬੀ ਦੇ ਕੁੱਤੇ ਵਾਲਾ ਹੀ ਹੋਏਗਾ, ''ਨਾ ਘਰ ਦਾ ਨਾ ਘਾਟ ਦਾ'। ਆਪਣਿਆਂ ਨਾਲ ਗੱਦਾਰੀ ਕਰਨ ਵਾਲੇ ਹਰ ਸ਼ਖ਼ਸ ਦਾ ਇਹੀ ਹਾਲ ਹੁੰਦਾ ਹੈ ਤੇ ਹੋਵੇਗਾ ਵੀ।

ਭਾਰਤੀ ਰਾਸ਼ਟਰਵਾਦੀ ਗੋਦੀ ਮੀਡੀਏ ਅਤੇ ਇੱਥੋਂ ਤੱਕ ਕਿ ਪੰਜਾਬੀ ਦੇ ਅਖ਼ਬਾਰ ਵੀ ਝੂਠੀ ਬਿਆਨਬਾਜ਼ੀ ਕਰਦਿਆਂ ਹੋਇਆਂ ਤਾਰਕ ਦੀਆਂ ਤਰੀਫ਼ਾਂ ਕਰ ਰਹੇ ਹਨ, ਜਦਕਿ ਸੱਚਾਈ ਇਸ ਤੋਂ ਬਿਲਕੁਲ ਉਲਟ ਹੈ। ਜਿਵੇਂ ਕੁੱਤੇ ਦੀ ਪੂਛ ਬਾਰਾਂ ਸਾਲ ਨਲਕੀ 'ਚ ਪਾਈ ਰੱਖੋ, ਸਿੱਧੀ ਨਹੀਂ ਹੁੰਦੀ। ਅਜਿਹਾ ਹੀ ਸੀ ਕੈਨੇਡਾ ਦਾ ਇੰਡੀਅਨ ਏਜੰਸੀਆਂ ਦਾ ਝੋਲੀ-ਚੁੱਕ ਤਾਰਕ ਫ਼ਤਿਹ। ਉਸ ਨੇ ਆਪਣੇ ਭਾਈਚਾਰੇ ਨਾਲ, ਭਾਵ ਮੁਸਲਮਾਨਾਂ ਨਾਲ ਗ਼ੱਦਾਰੀ ਕਰਨ ਸਮੇਤ, ਘੱਟ ਗਿਣਤੀਆਂ ਸਬੰਧੀ ਜ਼ਹਿਰ ਉਗਲਣ ਵਿੱਚ ਕੋਈ ਮੌਕਾ ਨਹੀਂ ਖੁੰਝਾਇਆ।

ਸੋਸ਼ਲ ਮੀਡੀਆ 'ਤੇ ਤਾਰਿਕ ਦੀਆਂ ਅਜਿਹੀਆਂ ਅਨੇਕਾਂ ਵੀਡੀਓ ਹਨ, ਜਿਨਾਂ ਵਿੱਚ ਉਹ ਬਾਬਰੀ ਮਸਜਿਦ ਬਾਰੇ, ਮੁਸਲਿਮ ਨਾਵਾਂ ਵਾਲੇ ਸ਼ਹਿਰਾਂ ਦੇ ਨਾਮ ਬਦਲਣ ਬਾਰੇ, ਕਰੀਨਾ ਕਪੂਰ ਦੇ ਪੁੱਤਰ ਤੈਮੂਰ ਦੇ ਨਾਂ ਨੂੰ ਬੁਰਾ ਭਲਾ ਕਹਿਣ ਬਾਰੇ ਆਪਣੇ ਵਿਵਾਦਗ੍ਰਸਤ ਬਿਆਨ ਦਿੰਦਾ ਰਿਹਾ। ਕੈਨੇਡਾ ਦੇ ਸਿੱਖਾਂ ਬਾਰੇ ਟਿੱਪਣੀਆਂ ਕਰਦਿਆਂ ਹੋਇਆਂ ਡੀ ਪੀ ਆਗੂ ਜਗਮੀਤ ਸਿੰਘ ਤੋਂ ਲੈ ਕੇ ਹਰਜੀਤ ਸਿੰਘ ਸੱਜਣ ਤੱਕ ਨੂੰ ਨਿੰਦਦਾ ਰਿਹਾ। ਇਥੋਂ ਤਕ ਕਿ 1984 ਦੀ ਸਿੱਖ ਨਸਲਕੁਸ਼ੀ ਬਾਰੇ ਅਪਮਾਨਜਨਕ ਟਿੱਪਣੀਆਂ ਕਰਦਾ ਰਿਹਾ,ਪਰ ਉਸਨੂੰ ਸਰਕਾਰੀ ਝੋਲੀ-ਚੁੱਕ ਲੋਕਾਂ ਤੋਂ ਬਗੈਰ ਹੋਰ ਕਿਸੇ ਨੇ ਵੀ ਗੰਭੀਰਤਾ ਨਾਲ ਨਾ ਲਿਆ।

ਚਰਚਾ 'ਚ ਰਹਿਣ ਖਾਤਰ ਵਿਵਾਦ ਭਰੀਆਂ ਗੱਲਾਂ ਕਰਨ ਵਾਲੇ 'ਤਾਰਕ ਫਤਿਹ ਨੂੰ ਜੇਕਰ ਕੈਨੇਡਾ ਦਾ ਮਨਿੰਦਰਜੀਤ ਬਿੱਟਾ' ਕਿਹਾ ਜਾਵੇ, ਤਾਂ ਇਹ ਗਲਤ ਨਹੀਂ ਹੋਵੇਗਾ। ਆਪਣੀਆਂ ਤਸਵੀਰਾਂ ਨਾਲ ਕਿਸਾਨ ਸੰਘਰਸ਼ ਦਾ ਖੁਦ ਨੂੰ ਹਮਾਇਤੀ ਲਿਖਣ ਵਾਲਾ ਇਕ ਅਖੌਤੀ ਅਗਾਂਹਵਧੂ ਸਖ਼ਸ਼ ਵੀ ਤਾਰਕ ਨੂੰ ਸ਼ਰਧਾਂਜਲੀ ਦੇ ਰਿਹਾ ਸੀ। ਉਸ ਨੂੰ ਸ਼ਾਇਦ ਇਸ ਗੱਲ ਦਾ ਪਤਾ ਨਹੀਂ ਕਿ ਕਿਸਾਨ ਸੰਘਰਸ਼ ਵਿੱਚ ਜੂਝ ਰਹੇ ਦਿੱਲੀ ਬੈਠੇ ਪੰਜਾਬੀਆਂ ਅਤੇ ਹੋਰਨਾ ਸ਼ਹਿਰੀਆਂ ਬਾਰੇ ਤਾਰਕ ਫਤਿਹ ਨੇ ਬਕਵਾਸ ਕਰਦਿਆਂ ਇੱਥੋਂ ਤਕ ਕਹਿ ਦਿੱਤਾ ਸੀ ਕਿ ਕਿਸਾਨ ਸੰਘਰਸ਼ ਖਾਲਿਸਤਾਨੀ ਅਤੇ ਅਰਬਨ ਨਕਸਲਾਈਟਾਂ ਦਾ ਇਕ ਗੱਠਜੋੜ ਹੈ।

ਅਜੋਕੇ ਸਮੇਂ ਦੁਨੀਆਂ ਵਿੱਚ ਸਭ ਤੋਂ ਵੱਧ ਚਰਚਿਤ ਰਹੇ ਕਿਸਾਨ ਸੰਘਰਸ਼ ਬਾਰੇ ਤਾਰਕ ਫਤਿਹ ਸਿਰੇ ਦਾ ਬਕਵਾਸ ਕਰਦਾ ਉਹ ਲਿਖਦਾ ਰਿਹਾ ਕਿ ''ਸ਼ਾਹੀਨ ਬਾਗ ਦੇ ਕੰਬਲ, ਟੈਂਟ, ਬਾਵਰਚੀ ਸਭ ਕਿਸਾਨ ਮੋਰਚੇ'' ਵਿੱਚ ਪਹੁੰਚ ਚੁੱਕੇ ਹਨ। ਏਜੰਸੀਆਂ ਦਾ ਟੁੱਕੜਬੋਚ ਹੋਣ ਦਾ ਫਰਜ਼ ਅਦਾ ਕਰਦਾ ਹੋਇਆ ਉਹ ਆਖਦਾ ਸੀ ਕਿ ਗ੍ਰਹਿ ਮੰਤਰਾਲੇ ਨੂੰ ਹਰ ਸਥਿਤੀ ਲਈ ਤਿਆਰ ਰਹਿਣਾ ਚਾਹੀਦਾ ਹੈ। ਇਕੱਠਿਆਂ ਚੱਲ ਰਹੇ ਸੰਘਰਸ਼ ਬਾਰੇ ਜ਼ਹਿਰ ਉਗਲਦਾ ਤਾਰਕ ਫ਼ਤਿਹ 'ਮਨੋਜ ਜੋਸ਼ੀ' ਵਰਗੇ ਫਾਸ਼ੀਵਾਦੀਆਂ ਦੀਆਂ ਟਿੱਪਣੀਆਂ ਸਾਂਝੀਆਂ ਕਰਦਾ ਲਿਖਦਾ ਸੀ ਕਿ "ਕਾਂਗਰਸ ਦੀ ਵਿਡੰਬਨਾ ਦੇਖੋ ਕਿ ਇੰਦਰਾ ਠੋਕਦੀ" ਕਹਿਣ ਵਾਲਿਆਂ ਦਾ ਵੀ ਸਮਰਥਨ ਕਰਨਾ ਪੈ ਰਿਹਾ ਹੈ"। ਟੋਰਾਂਟੋ ਰਹਿੰਦਾ ਇਹ ਦੁਮਛੱਲਾ ਸੰਘਰਸ਼ ਕਰ ਰਹੇ ਲੋਕਾਂ ਬਾਰੇ ਜ਼ਹਿਰ ਉਗਲਦਾ ਰਿਹਾ ਹੈ।

ਕੈਨੇਡਾ ਦੀਆਂ ਰਾਜਨੀਤਕ ਪਾਰਟੀਆਂ ਦੀ ਬਦਲ-ਬਦਲ ਕੇ ਝੋਲੀ ਚੁੱਕਣ ਵਾਲਾ ਤਾਰਕ ਅਤੇ ਕਦੇ ਨਿਊ ਡੈਮੋਕ੍ਰੇਟਿਕ ਪਾਰਟੀ ਦਾ ਮੈਂਬਰ ਰਿਹਾ, ਕਦੇ ਲਿਬਰਲ ਪੱਖੀ ਹੋ ਨਿਬੜਿਆ ਅਤੇ ਕੰਜ਼ਰਵਟਿਵ ਸਟੀਫਨ ਹਾਰਪਰ ਦਾ ਭਗਤ। ਇਸੇ ਤਰਾਂ ਹੀ ਕਦੇ ਮੋਦੀ ਦੇ ਗੁਣ ਗਾਉਂਦਾ ਰਿਹਾ, ਕਦੇ ਟਰੰਪ ਦੇ ਤੇ ਕਦੇ ਹੋਰ ਸੱਜੇ ਪੱਖੀ ਲੀਡਰਾਂ ਦੇ। ਸਮੂਹ ਚੇਤੰਨ ਮਨੁੱਖੀ-ਅਧਿਕਾਰ ਹਮਾਇਤੀ ਅਤੇ ਅਗਾਂਹ ਵਧੂ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਕਿਸਾਨ ਵਿਰੋਧੀ, ਦਲਿਤ ਵਿਰੋਧੀ, ਸਿੱਖ ਵਿਰੋਧੀ, ਮੁਸਲਿਮ ਵਿਰੋਧੀ ਅਤੇ ਕੁੱਲ ਮਿਲਾ ਕੇ ਲੋਕ ਵਿਰੋਧੀ ਸਰਕਾਰੀ ਟੁੱਕੜਬੋਚ ਤਾਰਕ ਦੇ ਝੂਠ ਦੇ ਪੁਲੰਦੇ ਨੂੰ ਨੰਗਾ ਕਰਦਿਆਂ, ਉਸ ਦੇ ਜੀਵਨ ਭਰ ਦੇ ਕੁਕਰਮਾਂ ਬਾਰੇ ਦੁਨੀਆਂ ਨੂੰ ਦੱਸਿਆ ਜਾਏ।

ਚਾਹੇ ਗੋਦੀ ਮੀਡੀਆ ਅਤੇ ਘੱਟਗਿਣਤੀਆਂ ਦੇ ਵਿਰੋਧੀ ਮਨੂਵਾਦੀ ਅਤੇ ਫਾਸ਼ੀਵਾਦੀ ਲੋਕ, ਤਾਰਕ ਫਤਹਿ ਨੂੰ ਸ਼ਰਧਾਂਜਲੀ ਦੇ ਰਹੇ ਹਨ, ਜਦਕਿ ਹੱਕ ਸੱਚ ਤੇ ਇਨਸਾਫ ਲਈ ਲੜਨ ਵਾਲੇ ਸੰਘਰਸ਼ਸ਼ੀਲ ਲੋਕ 'ਸਰਕਾਰੀ ਭੂਖਣੇ' ਤਾਰਕ ਫਤਹਿ ਨੂੰ ਲੱਖ ਲਾਹਣਤਾਂ ਪਾਉਂਦੇ ਹੋਏ, ਭਗਤ ਕਬੀਰ ਜੀ ਦਾ ਇਹ ਸਲੋਕ ਗਾ ਰਹੇ ਹਨ...

**"ਕਬੀਰ ਸਾਕਤ ਤੇ ਸੂਕਰ ਭਲਾ**
**ਰਾਖੈ ਆਛਾ ਗਾਉ॥**
**ਉਹੁ ਸਾਕਤੁ ਬਪੁਰਾ ਮਰਿ ਗਇਆ**
**ਕੋਇ ਨ ਲੈਹੈ ਨਾਉ॥"**

# ਕੈਨੇਡਾ ਦੇ ਰੀਅਲ ਅਸਟੇਟ ਬਾਜ਼ਾਰ ਵਿਚ ਰੌਣਕਾਂ ਪਰਤਣ ਦੇ ਸੰਕੇਤ

ਟੋਰਾਂਟੋ: ਕੈਨੇਡਾ ਦੇ ਰੀਅਲ ਅਸਟੇਟ ਬਾਜ਼ਾਰ ਵਿਚ ਰੌਣਕਾਂ ਪਰਤਣ ਦੇ ਸੰਕੇਤ ਨਜ਼ਰ ਆਏ ਜਦੋਂ ਮਕਾਨਾਂ ਦੀ ਔਸਤ ਕੀਮਤ ਵਿਚ ਪਿਛਲੇ ਇਕ ਸਾਲ ਦੌਰਾਨ ਪਹਿਲਾ ਵਾਧਾ ਦਰਜ ਕੀਤਾ ਗਿਆ। ਬਲੂਮਬਰਗ ਦੀ ਰਿਪੋਰਟ ਮੁਤਾਬਕ ਮਾਰਚ ਮਹੀਨੇ ਦੌਰਾਨ ਮਕਾਨਾਂ ਦੀ ਬੁਨਿਆਦੀ ਕੀਮਤ 0.2 ਫ਼ੀ ਸਦੀ ਵਾਧੇ ਨਾਲ 7 ਲੱਖ 9 ਹਜ਼ਾਰ ਕੈਨੇਡੀਅਨ ਡਾਲਰ ਹੋ ਗਈ।

ਅਮਰੀਕੀ ਡਾਲਰ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਮਕਾਨ ਦੀ ਔਸਤ ਕੀਮਤ 5 ਲੱਖ 24 ਹਜ਼ਾਰ ਡਾਲਰ ਦਰਜ ਕੀਤੀ ਗਈ।

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਸਿੱਖ ਕੌਮ ਦੇ ਮਹਾਨ ਵਿਦਵਾਨ ਗਿਆਨੀ ਦਿੱਤ ਸਿੰਘ ਜੀ

ਸਿੰਘ ਸਭਾ ਲਹਿਰ ਦੇ ਮੋਢੀ, ਪੰਜਾਬੀ ਪੱਤ੍ਰਿਕਾ ਦੇ ਪਿਤਾਮਾ, ਵਿਸ਼ਵ ਦੇ ਪੰਜਾਬੀ ਦੇ ਪਹਿਲੇ ਪ੍ਰੋਫ਼ੈਸਰ, ਉੱਚ ਕੋਟੀ ਦੇ ਸਾਹਿਤਕਾਰ, ਆਲ੍ਹਾ ਦਰਜੇ ਦੇ ਸਮਾਜ ਸੁਧਾਰਕ ਤੇ ਸਿੱਖ ਕੌਮ ਦੇ ਮਹਾਨ ਵਿਦਵਾਨ ਗਿਆਨੀ ਦਿੱਤ ਸਿੰਘ ਜੀ ਦਾ ਜਨਮ ਪਿਤਾ ਭਾਈ ਦੀਵਾਨ ਸਿੰਘ ਦੇ ਗ੍ਰਹਿ ਵਿਖੇ ਮਾਤਾ ਰਾਮ ਕੌਰ ਦੀ ਕੁੱਖੋਂ 21 ਅਪ੍ਰੈਲ 1850 ਨੂੰ ਪਿੰਡ ਕਲੌੜ (ਨੰਦਪੁਰ) ਜ਼ਿਲ੍ਹਾ ਪਟਿਆਲਾ ਹੁਣ ਜ਼ਿਲ੍ਹਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਹੋਇਆ।

ਜਦੋਂ ਗਿਆਨੀ ਦਿੱਤ ਸਿੰਘ ਜੀ ਭਾਈ ਜਵਾਹਰ ਸਿੰਘ ਤੇ ਓਰੀਐਂਟਲ ਕਾਲਜ ਲਾਹੌਰ ਦੇ ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਦੇ ਸੰਪਰਕ ਵਿਚ ਆਏ ਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਉਹ ਉਨਾ ਅੰਮ੍ਰਿਤ ਛੱਕਿਆ। ਇਥੇ ਰਹਿ ਕੇ ਉਨ੍ਹਾਂ ਨੇ ਪੰਜਾਬ ਯੂਨੀਵਰਸਟੀ ਲਾਹੌਰ ਤੋਂ ਗਿਆਨੀ ਪਾਸ ਕਰ ਲਈ। ਗਿਆਨੀ ਪਾਸ ਕਰਨ ਮਗਰੋਂ ਸੰਨ 1978 ਵਿਚ ਓਰੀਐਂਟਲ ਕਾਲਜ ਲਾਹੌਰ ਵਿਚ ਲੱਗ ਕੇ ਦੁਨੀਆਂ ਦੇ ਪੰਜਾਬੀ ਦੇ ਪਹਿਲੇ ਪ੍ਰੋਫ਼ੈਸਰ ਹੋਣ ਦਾ ਵੱਡਾ ਮਾਣ ਪ੍ਰਾਪਤ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਵੇਲੇ ਭਾਵ 1839 ਈਸਵੀ ਤਕ ਸਿੱਖਾਂ ਦੀ ਅਬਾਦੀ ਇਕ ਕਰੋੜ ਤੋਂ ਉਪਰ ਸੀ ਪਰ 1861 ਦੀ ਮਰਦਮਸ਼ੁਮਾਰੀ ਵੇਲੇ ਸਿੱਖਾਂ ਦੀ ਅਬਾਦੀ ਸਿਰਫ਼ 20 ਲੱਖ ਦੇ ਕਰੀਬ ਰਹਿ ਗਈ ਕਿਉਂਕਿ ਅੰਗਰੇਜ਼ਾਂ ਨੇ ਪੰਜਾਬ ਉਤੇ ਕਬਜ਼ਾ ਕਰਨ ਮਗਰੋਂ ਈਸਾਈ ਮੱਤ ਨੂੰ ਇੰਨਾ ਪ੍ਰਫੁੱਲਤ ਕੀਤਾ ਕਿ ਵੱਡੇ-ਵੱਡੇ ਘਰਾਣਿਆਂ ਦੇ ਮੁੰਡੇ ਵੀ ਈਸਾਈ ਬਣਨੇ ਸ਼ੁਰੂ ਹੋ ਗਏ।

ਈਸਾਈ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ 1 ਅਕਤੂਬਰ 1873 ਨੂੰ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਕੀਤੀ ਗਈ ਜਿਸ ਵਿਚ ਸਰਦਾਰ ਠਾਕਰ ਸਿੰਘ ਸੰਧਾਵਾਲੀਆ ਨੂੰ ਪ੍ਰਧਾਨ, ਪ੍ਰੋਫ਼ੈਸਰ ਗੁਰਮੁਖ ਸਿੰਘ ਨੂੰ ਸਕੱਤਰ ਤੇ ਗਿਆਨੀ ਦਿੱਤ ਸਿੰਘ ਨੂੰ ਦਫ਼ਤਰੀ ਕੰਮ ਦੀ ਜ਼ਿੰਮੇਵਾਰੀ ਸੌਂਪੀ ਗਈ ਤੇ ਇਸ ਦੇ ਨਾਲ ਹੀ ਭਾਈ ਜਵਾਹਰ ਸਿੰਘ ਤੇ ਭਾਈ ਮਇਆ ਸਿੰਘ ਨੂੰ ਇਸ ਸਭਾ ਦਾ ਮੈਂਬਰ ਲਿਆ ਗਿਆ।

ਪਰ ਕੁੱਝ ਸਾਲਾਂ ਬਾਅਦ ਹੀ ਇਹ ਸਭਾ ਅਪਣੇ ਨਿਸ਼ਾਨੇ ਤੋਂ ਪਰ੍ਹਾਂ ਹਟਣ ਲੱਗੀ। ਕਾਰਨ ਇਹ ਸੀ ਕਿ ਬਾਬਾ ਖੇਮ ਸਿੰਘ ਬੇਦੀ ਜੋ ਇਸ ਸਭਾ ਦਾ ਸਰਪ੍ਰਸਤ ਸੀ ਆਪ ਸਿੱਖੀ ਮਰਿਆਦਾ ਤੋਂ ਪਿੱਛੇ ਹਟਣ ਲੱਗ ਪਿਆ। ਉਹ ਕ੍ਰਿਪਾਨ ਦੇ ਨਾਲ-ਨਾਲ ਜਨੇਊ ਵੀ ਪਹਿਨ ਕੇ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਬੈਠਣ ਲੱਗ ਪਿਆ ਸੀ ਤੇ ਉਸ ਨੇ ਦਰਬਾਰ ਸਾਹਿਬ ਵਿਚ ਵੀ ਮੂਰਤੀਆਂ ਸਥਾਪਤ ਕਰ ਦਿਤੀਆਂ ਜਿਸ ਕਾਰਨ ਹਾਲਤ ਵਿਗੜਦੇ ਗਏ।

ਫਿਰ ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਜੀ ਦੇ ਯਤਨ ਸਦਕਾ 2 ਨਵੰਬਰ 1879 ਨੂੰ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੀ ਸਥਾਪਨਾ ਕੀਤੀ ਗਈ ਜਿਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਤੇ ਸਕੱਤਰ ਗੁਰਮੁਖ ਸਿੰਘ



ਨੂੰ ਬਣਾਇਆ ਗਿਆ। ਸ੍ਰੀ ਗੁਰੂ ਸਿੰਘ ਸਭਾ ਲਾਹੌਰ ਨੇ ਸਿੱਖੀ ਦੇ ਪ੍ਰਸਾਰ ਲਈ ਬਹੁਤ ਸਾਰੀਆਂ ਸਰਗਰਮੀਆਂ ਸ਼ੁਰੂ ਕੀਤੀਆਂ ਤੇ ਲਾਹੌਰ ਤੋਂ ਖ਼ਾਲਸਾ ਅਖ਼ਬਾਰ ਗਿਆਨੀ ਜੀ ਦੀ ਸੰਪਾਦਨਾ ਹੇਠ ਛਪਣ ਲੱਗਾ। ਇਸ ਸਮੇਂ ਗਿਆਨੀ ਜੀ ਨੇ ਮੜ੍ਹੀ ਮਸਾਣਾਂ, ਥਿੱਤਾਂ-ਵਰਤਾਂ ਤੇ ਹੋਰ ਸਮਾਜਿਕ ਕੁਰੀਤੀਆਂ ਵਿਰੁਧ ਜਬਰਦਸਤ ਪ੍ਰਚਾਰ ਕੀਤਾ ਜਿਸ ਨਾਲ ਲੋਕੀ ਝੂਠੇ ਕਰਮ-ਕਾਂਡਾਂ ਨੂੰ ਛੱਡ ਕੇ ਸਿੱਖੀ ਧਾਰਨ ਕਰਨ ਲੱਗ ਪਏ।

ਗਿਆਨੀ ਜੀ ਦੀ ਵਿਦਵਤਾ ਦੀ ਛਵੀ ਏਨੀ ਵਧੀ ਕਿ ਇਨ੍ਹਾਂ ਪਾਸੋਂ ਆਰੀਆ ਸਮਾਜ ਦੇ ਧਰਮ ਗੁਰੂ ਸਵਾਮੀ ਦਿਆ ਨੰਦ ਨੂੰ ਧਰਮ ਬਹਿਸ ਵਿਚ ਤਿੰਨ ਵਾਰੀ ਹਾਰ ਖਾਣੀ ਪਈ। ਗਿਆਨੀ ਜੀ ਨੇ ਬਿਪਰਵਾਦੀ ਰੀਤਾਂ ਦੀ ਵਿਰੋਧਤਾ ਤੇ ਮੂਰਤੀ ਪੂਜਾ ਦੇ ਵਿਰੋਧ ਵਿਚ ਜ਼ੋਰਦਾਰ ਆਵਾਜ਼ ਉਠਾਉਣ ਦੇ ਨਾਲ-ਨਾਲ ਗੁੱਗਾ ਗਪੌੜਾ, ਮੀਰਾਂ ਮਨੌਤ, ਸੁਲਤਾਨ ਪੁਆੜਾ, ਨਕਲੀ ਸਿੱਖ ਪ੍ਰਬੋਧ, ਦੁਰਗਾ ਪ੍ਰਬੋਧ ਸਮੇਤ ਕੁਲ 72 ਪੁਸਤਕਾਂ ਦੀ ਰਚਨਾ ਕਰ ਕੇ ਸਿੱਖੀ ਦੀ ਡੁੱਬਦੀ ਬੇੜੀ ਨੂੰ ਕਿਨਾਰੇ ਲਗਾ ਦਿਤਾ।

ਗਿਆਨੀ ਦਿੱਤ ਸਿੰਘ ਜੀ ਏਨੇ ਦ੍ਰਿੜ ਇਰਾਦੇ ਤੇ ਹੌਸਲੇ ਵਾਲੇ ਇਨਸਾਨ ਸਨ ਕਿ ਜਦੋਂ ਬਾਬਾ ਖੇਮ ਸਿੰਘ ਬੇਦੀ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਬੈਠਣ ਅਤੇ ਮੂਰਤੀ ਪੂਜਾ ਕਰਨ ਤੋਂ ਨਾ ਹਟੇ ਤਾਂ ਇਨ੍ਹਾਂ ਨੇ ਸਾਥੀਆਂ ਨਾਲ ਮਿਲ ਕੇ ਉਸ ਦਾ ਬੋਰੀਆ ਬਿਸਤਰਾ ਚੁੱਕ ਕੇ ਬਾਹਰ ਸੁੱਟ ਦਿਤਾ ਤੇ ਮੂਰਤੀਆਂ ਦੀ ਭੰਨ੍ਹ ਤੋੜ ਕਰ ਕੇ ਬਾਹਰ ਵਗਾਹ ਮਾਰੀਆਂ।

ਦੂਜੇ ਪਾਸੇ ਇਨ੍ਹਾਂ ਵਿਚ ਏਨੀ ਸਹਿਣਸ਼ੀਲਤਾ ਸੀ ਕਿ ਜਦੋਂ ਇਹ ਹਰ ਸੰਗਰਾਂਦ ਨੂੰ ਫ਼ਿਰੋਜ਼ਪੁਰ ਵਿਖੇ ਅਕਾਲਗੜ੍ਹ ਸਾਹਿਬ ਦੇ ਗੁਰਦਵਾਰੇ ਵਿਚ ਭਾਸ਼ਣ ਦੇਣ ਜਾਂਦੇ ਸਨ ਤਾਂ ਉਦੋਂ ਇਹ ਇਕ ਉੱਚੇ ਥੜੇ ਉਤੇ ਚੜ੍ਹ ਕੇ ਭਾਸ਼ਣ ਦਿੰਦੇ ਸਨ ਤੇ ਲੋਕੀ ਸੈਂਕੜਿਆਂ ਦੀ ਗਿਣਤੀ ਵਿਚ ਇਨ੍ਹਾਂ ਦਾ ਭਾਸ਼ਣ ਸੁਣਨ ਲਈ ਇਕੱਠੇ ਹੋ ਜਾਂਦੇ ਸਨ ਪਰ ਜਦੋਂ ਗ੍ਰੰਥੀ ਸਿੰਘ ਵਲੋਂ ਸੰਗਤਾਂ ਨੂੰ ਕੜਾਹ ਵਰਤਾਇਆ ਜਾਂਦਾ ਸੀ ਤਾਂ ਗਿਆਨੀ ਜੀ ਨੂੰ ਜੋੜਿਆਂ ਵਿਚ ਬਿਠਾ ਕੇ ਉਪਰੋਂ ਪ੍ਰਸਾਦ ਸੁੱਟ ਕੇ ਦਿਤਾ ਜਾਂਦਾ ਸੀ ਤੇ ਗਿਆਨੀ ਜੀ ਇਸ ਨੂੰ ਵਾਹਿਗੁਰੂ ਜੀ ਦਾ ਸ਼ੁਕਰ ਕਰ ਕੇ ਖਾ ਲੈਂਦੇ ਸਨ ਪਰ ਉਨ੍ਹਾਂ ਨੇ ਕਦੇ ਵੀ ਇਸ ਬਾਰੇ ਮੱਥੇ ਵੱਟ ਨਹੀਂ ਸੀ ਪਾਇਆ ਤੇ ਅਪਣੀ ਮੰਜ਼ਿਲ ਵਲ ਵਧਦੇ ਗਏ।

ਇਹੀ ਕਾਰਨ ਸੀ ਕਿ ਉਸ ਨੇ ਸ਼ਹਿਰਾਂ ਅਤੇ ਕਸਬਿਆਂ ਵਿਚ ਜਾ ਕੇ 37 ਸਿੰਘ ਸਭਾਵਾਂ ਕਾਇਮ ਕਰ ਕੇ ਸਿੱਖੀ ਦੇ ਪ੍ਰਚਾਰ ਨੂੰ ਅੱਗੇ ਤੋਰਿਆ। ਅੰਤ ਉੱਚ ਕੋਟੀ ਦਾ ਵਿਦਵਾਨ ਤੇ ਸਿੱਖੀ ਦਾ ਪ੍ਰਚਾਰਕ ਗਿਆਨੀ ਦਿੱਤ ਸਿੰਘ ਕਈ ਮੁਸ਼ਕਿਲਾਂ ਤੇ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰਦਾ ਹੋਇਆ 6 ਸਤੰਬਰ 1901 ਨੂੰ ਸਦਾ ਲਈ ਇਸ ਦੁਨੀਆਂ ਨੂੰ ਛੱਡ ਗਿਆ।

# ਅਮ੍ਰਿਤਪਾਲ ਦੀ ਗ੍ਰਿਫ਼ਤਾਰੀ ਅਤੇ ਖਾਲਿਸਤਾਨ ਲਹਿਰ ਬਾਰੇ ਅਮਿਤ ਸ਼ਾਹ ਨੇ ਕੀ ਕਿਹਾ?

ਦਿੱਲੀ:-ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ, ਪੰਜਾਬ ਵਿੱਚ ਖਾਲਿਸਤਾਨ ਦੀ ਕੋਈ ਲਹਿਰ ਨਹੀਂ ਹੈ।ਕਈ ਵਾਰ ਕੁਝ ਲੋਕ ਕੋਸ਼ਿਸ਼ ਕਰਦੇ ਹਨ, ਸਰਕਾਰ ਆਪਣਾ ਕੰਮ ਕਰਦੀ ਹੈ। ਪੰਜਾਬ ਸਰਕਾਰ ਨੇ ਚੰਗਾ ਕੰਮ ਕੀਤਾ ਅਤੇ ਭਾਰਤ ਸਰਕਾਰ ਨੇ ਸਮਰਥਨ ਕੀਤਾ।ਅਮਿਤ ਸ਼ਾਹ ਇੰਡੀਆ ਟੂਡੇ ਵਲੋਂ ਕਰਵਾਏ ਇੱਕ ਟੀਵੀ ਸ਼ੋਅ ਦੌਰਾਨ ਬੋਲ ਰਹੇ ਸਨ।ਅਮਿਤ ਸ਼ਾਹ ਨੇ ਕਿਹਾ, ‘‘ਕੁਝ ਨਹੀਂ ਹੈ, ਇਸ ਨੂੰ ਅਸੀਂ ਬੜੀ ਬਾਰੀਕੀ ਨਾਲ ਦੇਖ ਰਹੇ ਹਾਂ ਅਤੇ ਕਿਸੇ ਨੂੰ ਕੋਈ ਛੂਟ ਨਹੀਂ ਹੈ ਕਿ ਉਹ ਦੇਸ ਦੀ ਏਕਤਾ ਅਤੇ ਅਖੰਡਤਾ ਨਾਲ ਖਿਲਵਾੜ ਕਰ ਸਕੇ।’’ਅਮ੍ਰਿਤਪਾਲ ਦੇ ਹੁਣ ਤੱਕ ਨਾਲ ਫੜੇ ਜਾਣ ਬਾਰੇ ਸਵਾਲ ਪੁੱਛੇ ਜਾਣ ਉੱਤੇ ਅਮਿਤ ਸ਼ਾਹ ਨੇ ਕਿਹਾ, ਕਈ ਵਾਰ ਅਜਿਹਾ ਹੋ ਜਾਂਦਾ ਹੈ, ਪਰ ਉਹ ਜਿਵੇਂ ਹੁਣ ਘੁੰਮ ਰਿਹਾ ਹੈ, ਆਪਣੀ ਗਤੀਵਿਧੀ ਨਹੀਂ ਚਲਾ ਸਕਦਾ।ਲੰਡਨ ਸਣੇ ਕਈ ਹੋਰ ਥਾਈਂ ਭਾਰਤੀ ਦੂਤਾਵਾਸਾਂ ਨੂੰ ਨਿਸ਼ਾਨਾਂ ਬਣਾਏ ਜਾਣ ਬਾਰੇ ਅਮਿਤ ਸ਼ਾਹ ਨੇ ਕਿਹਾ ਕਿ ਲੰਡਨ ਦਾ ਕੇਸ ਐੱਨਆਈਏ ਨੂੰ ਸੌਂਪਿਆਂ ਗਿਆ ਹੈ ਅਤੇ ਦਿੱਲੀ ਪੁਲਿਸ ਨੇ ਵੀ ਐੱਫ਼ਆਈਆਰ ਦਰਜ ਕੀਤੀ ਗਈ ਹੈ।ਭਾਰਤੀ ਦੂਤਾਵਾਸ ਭਾਵੇਂ ਵਿਦੇਸ਼ਾਂ ਵਿੱਚ ਹਨ ਪਰ ਉਹ ਭਾਰਤ ਦਾ ਹਿੱਸਾ ਹਨ, ਉਨ੍ਹਾਂ ਉੱਤੇ ਹਮਲਿਆਂ ਨੂੰ ਨਰਿੰਦਰ ਮੋਦੀ ਸਰਕਾਰ ਹਲਕੇ ਵਿੱਚ ਨਹੀਂ ਲਵੇਗੀ।


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

**Ph: 604-446-3154** NO SIDE EFFECTS

#109-12830-80Ave, Surrey, BC V3W 3A8 (York Centre)



**ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ**

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



**THANDI AUTO CARE CENTRE LTD**

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

# ਮੁੱਖ ਵਿਰੋਧੀ ਧਿਰ ਦੇ ਨੇਤਾ ਗੁਰਦਵਾਰਾ ਨਾਨਕ ਨਿਵਾਸ ਰਿਚਮੰਡ ਵਿਖੇ ਨਮਸਤਕ ਹੋਏ

ਰਿਚਮੰਡ(ਬਲਵੰਤ ਸਿੰਘ ਸੰਘੇੜਾ):ਰਿਚਮੰਡ ਸਥਿੱਤ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਨੰਬਰ 5 ਰੋਡ ਵਿਖੇ, 21 ਅਪਰੈਲ, ਦਿਨ ਸ਼ੁਕਰਵਾਰ ਨੂੰ ਕੈਨੇਡਾ ਦੀ ਮੁਖ ਵਿਰੋਧੀ ਧਿਰ ਦੇ ਨੇਤਾ ਅਤੇ ਕਨਸਰਵੇਟਿਵ ਪਾਰਟੀ ਦੇ ਮੁਖੀ ਪੀਅਰ ਪੋਲੀਵੀਏ ਨਤਮਸਤਕ ਹੋਏ। ਉਨਾਂ ਦੇ ਨਾਲ ਉਹਨਾਂ ਦੀ ਪਾਰਟੀ ਦੇ ਡਿਪਟੀ ਲੀਡਰ ਅਤੇ ਐਡਮੈਂਟਨ ਤੋਂ ਮੈਂਬਰ ਪਾਰਲੀਮੈਂਟ ਟਿੰਮ ਓੱਪਲ, ਕੈਲਗਰੀ ਤੋਂ ਮੈਂਬਰ ਪਾਰਲੀਮੈਂਟ ਅਤੇ ਇਸ ਪਾਰਟੀ ਦੇ ਵਿਤੀ ਮਾਮਲਿਆਂ ਦੇ ਬੁਲਾਰੇ ਜਸਰਾਜ ਸਿੰਘ ਹੱਲਣ, ਸਾਊਥ ਸਰ੍ਹੀ ਵਾਈਟ ਰੌਕ ਦੇ ਮੈਂਬਰ ਪਾਰਲੀਮੈਂਟ ਕੈਰੀ ਲਿਨ ਫਿਨਲੀ ਅਤੇ ਲਾਂਗਲੀ ਅਲਡਰਗਰੋਵ ਦੇ ਮੈਂਬਰ ਪਾਰਲੀਮੈਂਟ ਟੇਕੋ ਵੈਨ



ਪੋਪਟਾ ਅਤੇ ਹੋਰ ਕੁਝ ਪਤਵੰਤੇ ਸੱਜਣ ਭੀ ਉਹਨਾਂ ਦੇ ਨਾਲ ਆਏ। ਗੁਰੂ ਘਰ ਦੀ ਪ੍ਰਬੰਧ ਕਮੇਟੀ ਦੇ ਕੁਝ ਮੈਂਬਰਾਂ ਨੇ ਉਹਨਾਂ ਸਭ ਦਾ ਨਿੱਘਾ ਸਵਾਗਤ ਕੀਤਾ। ਦਰਬਾਰ ਹਾਲ ਵਿਚ ਨਤਮਸਤਕ ਹੋਣ ਉਪਰੰਤ, ਇਹ ਸਭ ਸੱਜਣ ਲੰਗਰ ਹਾਲ ਵਿਚ ਪੁੰਹੁਚੇ। ਲੰਗਰ ਹਾਲ ਨਾਲ ਲਗਦੇ ਇਕ ਕਮਰੇ ਵਿਚ ਸਭ ਨੇ ਚਾਹ ਪਾਣੀ ਦਾ ਅਨੰਦ ਮਾਣਿਆ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਬਲਵੰਤ ਸਿੰਘ ਸੰਘੇੜਾ ਨੇ ਸਭ ਦਾ ਸਵਾਗਤ ਕੀਤਾ ਅਤੇ ਜੀ ਆਇਆਂ ਆਖਿਆ । ਇਸ ਉਪਰੰਤ ਗੁਰੂ ਘਰ ਦਾ ਸੰਖੇਪ ਇਤਹਾਸ ਅਤੇ ਗੁਰੂ ਘਰ ਦੇ ਬਾਨੀ ਆਸਾ ਸਿੰਘ ਜੌਹਲ ਅਤੇ ਜੌਹਲ ਪਰਿਵਾਰ ਦੀ ਇਸ ਗੁਰੂ ਘਰ ਨੂੰ ਦੇਣ ਵਾਰੇ ਵਰਨਣ ਕੀਤਾ। ਇਸ ਉਪਰੰਤ ਮਾਣਯੋਗ ਪੀਅਰ ਪੋਲੀਵੀਏ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦਾ ਨਿੱਘੇ ਸਵਾਗਤ ਲਈ ਧੰਨਵਾਦ ਕੀਤਾ। ਅਖੀਰ ਵਿਚ ਪ੍ਰਬੰਧਕ ਕਮੇਟੀ ਵਲੋਂ ਪ੍ਰਧਾਨ ਉਬੇਦ ਸਿੰਘ ਸਿੱਧੂ ਨੇ ਪੀਅਰ ਪੋਲੀਵੀਏ ਨੂੰ ਇਕ ਕਿਤਾਬਾਂ ਦਾ ਸੈਟ ਭੇਂਟ ਕੀਤਾ। ਇਸ ਸੈਂਟ ਵਿਚ ਇਕ ਕਿਤਾਬ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ ਪੁਰਬ ਉਪਰ ਗੁਰੂ ਘਰ ਦੀ ਕਮੇਟੀ ਵਲੋਂ ਰਿਲੀਜ ਕੀਤੀ ਗਈ ਸੀ ਅਤੇ ਦੂਜੀ ਕਿਤਾਬ ਆਸਾ ਸਿੰਘ ਜੌਹਲ ਦੀ ਜੀਵਨੀ ਵਾਰੇ ਦਿੱਤੀ ਗਈ। ਜਾਣ ਤੋਂ ਪਹਿਲਾਂ ਮਾਣਯੋਗ ਪੋਲੀਵੀਏ ਨੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦਾ ਆਪਣੇ ਅਤੇ ਸਾਥੀਆਂ ਦੇ ਨਿੱਘੇ ਸਵਾਗਤ ਲਈ ਧੰਨਵਾਦ ਕੀਤਾ ਅਤੇ ਸੰਗਤਾਂ ਨਾਲ ਫੋਟੋਆਂ ਖਿਚਵਾਈਆਂ। ਇਸ ਸਿਲਸਿਲੇ ਵਿਚ ਅਸੀਂ ਸੁਖਵਿੰਦਰ ਸਿੰਘ ਪੰਧੇਰ ਹੁਰਾਂ ਦੇ ਉਹਨਾਂ ਦੇ ਸਹਿਯੋਗ ਲਈ ਬਹੁਤ ਧੰਨਵਾਦੀ ਹਾਂ।

# ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ 'ਤੇ ਕਿਉਂ ਲੱਗਿਆ ਐਨ ਐਸ ਏ?



ਅੰਮ੍ਰਿਤਸਰ:ਅਜਨਾਲਾ ਘਟਨਾ ਤੋਂ ਇਕ ਦਿਨ ਪਹਿਲਾਂ ਭਾਵ 22 ਫਰਵਰੀ ਨੂੰ ਹੀ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਖਿਲਾਫ ਇਕ ਨਹੀਂ ਸਗੋਂ ਦੋ-ਦੋ ਕੇਸ ਦਰਜ ਕੀਤੇ ਸਨ। ਇਨਾਂ ਦੋਵਾਂ ਕੇਸਾਂ ਦਾ ਪਤਾ ਕਿਸੇ ਨੂੰ ਵੀ ਨਹੀਂ ਲੱਗਣ ਦਿੱਤਾ। ਗੁੱਪਤ ਰੱਖੇ ਗਏ।

ਪਹਿਲਾ ਕੇਸ 19 ਫਰਵਰੀ ਨੂੰ ਬਾਘੇ ਪੁਰਾਣੇ ਥਾਣੇ 'ਚ ਦਰਜ ਕੀਤਾ। ਇਹ ਕੇਸ ਪਿੰਡ ਬੁੱਧ ਸਿੰਘ ਵਾਲਾ ਵਿਖੇ ਦੀਪ ਸਿੱਧੂ ਦੀ ਬਰਸੀ ਮੌਕੇ ਕਰਵਾਏ ਸਮਾਗਮ ਦੌਰਾਨ ਅੰਮ੍ਰਿਤਪਾਲ ਵੱਲੋਂ ਦਿੱਤੇ ਭਾਸ਼ਣ ਕਰਕੇ ਦਰਜ ਕੀਤਾ ਗਿਆ। ਦੂਜਾ ਕੇਸ ਵੀ ਦੀਪ ਸਿੱਧੂ ਦੀ ਬਰਸੀ ਦੇ ਸਬੰਧ ਵਿੱਚ ਦਰਜ ਕੀਤਾ ਗਿਆ। ਅੰਮ੍ਰਿਤਪਾਲ ਸਿੰਘ ਦੀਪ ਸਿੱਧੂ ਦੀ ਬਰਸੀ ਮੌਕੇ 15 ਫਰਵਰੀ ਨੂੰ ਦਰਬਾਰ ਸਾਹਿਬ ਅਮ੍ਰਿਤਸਰ ਮੱਥਾ ਟੇਕਣ ਪਹੁੰਚਿਆ ਅਤੇ ਫੇਰ ਬਾਹਰ ਆ ਕੇ ਮੀਡੀਆ ਨਾਲ ਗੱਲਬਾਤ ਕੀਤੀ ਸੀ। ਇਸੇ ਗੱਲਬਾਤ ਨੂੰ ਦੂਜੇ ਪਰਚੇ ਦਾ ਕਾਰਨ ਬਣਾਇਆ ਗਿਆ। ਇਹ ਕੇਸ ਦਰਬਾਰ ਸਾਹਿਬ ਦੇ ਨੇੜਲੇ ਥਾਣੇ 'ਚ ਦਰਜ ਕੀਤਾ ਗਿਆ। ਅਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ 'ਤੇ ਕਿਡਨੈਪਿੰਗ ਦਾ ਪਰਚਾ 16 ਫਰਵਰੀ ਨੂੰ ਪਾਇਆ ਗਿਆ ਸੀ। ਉਹ ਕਥਿਤ ਘਟਨਾ ਸ਼ਕਾਇਤਕਰਤਾ ਮੁਤਾਬਕ 15 ਫਰਵਰੀ ਨੂੰ ਹੋਈ ਸੀ ।

ਪਰ ਜਿਹੜੀਆਂ ਸਪੀਚਾਂ ਅਮ੍ਰਿਤਪਾਲ ਸਿੰਘ ਨੇ 15 ਫਰਵਰੀ ਅਤੇ 19 ਫਰਵਰੀ ਨੂੰ ਦਿੱਤੀਆਂ। ਉਸ ਸਬੰਧੀ ਦੋ ਪਰਚੇ ਅਮ੍ਰਿਤਸਰ ਤੇ ਬਾਘਾਪੁਰਾਣਾ ਵਿੱਚ ਇਕੋ ਦਿਨ 22 ਫਰਵਰੀ ਨੂੰ ਦਰਜ ਕੀਤੇ ਗਏ। ਇਹ ਸੱਭ ਪਰਚੇ ਅਜਨਾਲਾ ਵਾਲੀ ਘਟਨਾ ਤੋਂ ਪਹਿਲਾਂ ਹੋ ਚੁੱਕੇ ਸਨ। ਇਸ ਕਰਕੇ ਸਾਫ ਹੈ ਕਿ ਅਜਨਾਲੇ ਵਾਲੀ ਘਟਨਾ ਕਰਕੇ ਐਨ ਐਸ ਏ ਨਹੀਂ ਲੱਗਿਆ। ਇਸ ਵਾਸਤੇ ਜਮੀਨ ਪਹਿਲਾਂ ਹੀ ਤਿਆਰ ਹੋ ਗਈ ਸੀ। ਸਪੀਚਾਂ ਵਾਲੇ ਦੋਵਾਂ ਕੇਸਾਂ ਵਿੱਚ ਅਮ੍ਰਿਤਪਾਲ ਸਿੰਘ 'ਤੇ ਫਿਰਕਿਆਂ ਵਿੱਚ ਦੁਸ਼ਮਣੀ ਭੜਕਾਉਣ ਅਤੇ ਸਰਕਾਰ ਖਿਲਾਫ ਜੰਗ ਛੇੜਣ ਦਾ ਇਲਜਾਮ ਲਗਾਇਆ ਗਿਆ। ਅਸਲ ਵਿੱਚ ਇਹੀ ਇਲਜਾਮ ਐਨ ਐਸ ਏ ਲਾਉਣ ਦੀ ਲੋੜ ਨੂੰ ਪੂਰਾ ਕਰਦੇ ਨੇ ਅਤੇ ਮਾਮਲੇ ਨੂੰ ਗੰਭੀਰ ਬਣਾਉਂਦੇ ਨੇ। ਹਾਲਾਂ ਕਿ ਹਰ ਵਾਰ ਅਜਿਹੇ ਮੁਕੱਦਮਿਆਂ 'ਚ ਐਨ ਐਸ ਏ ਨਹੀਂ ਲੱਗਦਾ।

ਪਰ ਐਨ ਐਸ ਏ ਨੂੰ ਲੰਬੇ ਸਮੇ ਵਾਸਤੇ ਟਿਕਾਉਣ ਲਈ ਕਾਗਜਾਂ ਦਾ ਢਿੱਡ ਵੀ ਭਰਿਆ ਹੋਣਾ ਜਰੂਰੀ ਹੁੰਦਾ ਹੈ। ਇਨਾਂ ਦੋਵਾਂ ਕੇਸਾਂ ਨੂੰ ਵੀ ਬਾਅਦ ਵਿੱਚ ਅਮ੍ਰਿਤਪਾਲ ਸਿੰਘ ਅਤੇ ਸਾਥੀਆਂ 'ਤੇ ਐਨ ਐਸ ਏ ਲਾਉਣ ਲਈ ਵਰਤਿਆ ਗਿਆ ਹੈ। ਕਿਡਨੈਪਿੰਗ ਅਤੇ ਅਜਨਾਲੇ ਵਾਲੀ ਘਟਨਾ ਵਿੱਚ ਸਿਰਫ ਫੌਜਦਾਰੀ ਮੁਕੱਦਮੇ ਹੀ ਸਨ। ਜਿਆਦਾ ਗੰਭੀਰਤਾ ਤਾਂ ਸਰਕਾਰ ਖਿਲਾਫ ਜੰਗ ਛੇੜਣ ਵਾਲੇ ਮੁਕੱਦਮਿਆਂ ਨਾਲ ਹੀ ਬਣੀ। ਜੋ ਅਜਨਾਲਾ ਘਟਨਾ ਤੋਂ ਇਕ ਦਿਨ ਪਹਿਲਾਂ ਦਰਜ ਕੀਤੇ ਗਏ ਸਨ।

ਐਨ ਐਸ ਏ ਲਾਉਣ ਵਾਸਤੇ ਪੁਲਿਸ ਨੇ ਲੰਬੇ ਚੌੜੇ ਕਾਰਨ ਦਿੱਤੇ ਹਨ। ਬਹੁਤਾ ਕਰਕੇ ਇਹ ਕਾਰਨ ਅਮ੍ਰਿਤਪਾਲ ਸਿੰਘ ਵਲੋਂ ਦਿੱਤੀਆਂ ਸਪੀਚਾਂ ਹਨ। ਪਰ ਪੁਲਿਸ ਦੁਆਰਾ ਤਿਆਰ ਕੀਤੇ ਪੁਲੰਦੇ ਵਿੱਚ ਅਜਿਹਾ ਕੁੱਝ ਵੀ ਨਹੀਂ ਹੈ ਜੋ ਆਮ ਜਨਤਾ ਨੂੰ ਪਹਿਲਾਂ ਨਾ ਪਤਾ ਹੋਵੇ।

ਚਾਹੇ ਉਹ ਕ੍ਰਿਸਚਨਾਂ ਬਾਰੇ ਬਿਆਨ ਸਨ ਜਾਂ ਮੁਹਾਲੀ ਮੋਰਚੇ 'ਤੇ ਦਿੱਤੀ ਸਪੀਚ। ਸ਼ਾਇਦ ਇਹ ਵੀ ਇਕ ਕਾਰਨ ਸੀ ਕਿ ਪੁਲਿਸ ਨੇ ਕਿਸੇ ਮੁਲਜਮ ਤੋਂ ਲੰਬੀ ਪੁੱਛ ਗਿੱਛ ਨਹੀਂ ਕੀਤੀ। ਕਿਉਂ ਕਿ ਮੁਲਜਮਾਂ ਨੂੰ ਤਾਂ ਹਾਲੇ ਤੱਕ ਵੀ ਇਹ ਨਹੀਂ ਪਤਾ ਕਿ ਉਨਾਂ ਤੇ 22 ਫਰਵਰੀ ਨੂੰ ਕਿਹੇ ਕੇਸ ਪਾਏ ਗਏ ਹਨ। ਇਸ ਮਾਮਲੇ 'ਚ ਪੁਲਿਸ ਮੁਲਜਮਾਂ ਤੋਂ ਇਕ ਕਦਮ ਅੱਗੇ ਹੈ। ਪੁਲਿਸ ਕੋਲ ਜਿਆਦਾ ਜਾਣਕਾਰੀ ਹੈ ਤੇ ਮੁਲਜਮਾਂ ਕੋਲ ਘੱਟ।



BHARTI ART JEWELLERS

WORLD CLASS IMPORTS OF GOLD AND DIAMOND JEWELLERY

ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ

USA ਕਸਟਮਰਜ਼ ਲਈ ਸਪੈਸ਼ਲ ਰੇਟ

42nd Anniversary
Celebration



New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com



Expert Advice, Consultation & Representation in all your legal matters



FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC

778 835 8455

#201-13049 76th Avenue, Surrey BC V3W2V7
www.rainalaw.com Email : craina@rainalaw.com

# ਗੁਰੂ ਸਾਹਿਬ ਦੀ ਬੇਅਦਬੀ ਕਰਨ ਵਾ.ਲੇ ਦੁਸ਼ਟਾਂ ਦੇ ਸਿਰ ਵੱਢ ਕੇ ਨੇਜੇ ਉੱਤੇ ਟੰਗਣਗੇ ਸਿੱਖ: ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

## ਸਿੱਖੋ !ਮਾਤਾ ਦੇ ਮਾਲ ਨਹੀਂ, ਕਲਗੀਧਰ ਦੇ ਲਾਲ ਬਣੋ, ਹਿੰਦ ਹਕੂਮਤ ਸਿੱਖਾਂ ‘ਚ ਹੀਣਤਾ ਤੇ ਢਹਿੰਦੀ ਕਲਾ ਭਰਨਾ ਚਾਹੁੰਦੀ ਹੈ:ਫ਼ੈਡਰੇਸ਼ਨ ਭਿੰਡਰਾਂਵਾਲਾ

ਅੰਮ੍ਰਿਤਸਰ: ਪੰਜਾਬ ਦੇ ਜ਼ਿਲ੍ਹਾ ਰੋਪੜ ਵਿੱਚ ਪੈਂਦੇ ਮੋਰਿੰਡਾ ਦੇ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਤਾਬਿਆ ਬੈਠੇ ਗ੍ਰੰਥੀ ਸਿੰਘ ਦੀ ਕੁੱਟਮਾਰ ਤੇ ਦਸਤਾਰ ਉਤਾਰਨ ਦੀ ਮੰਦਭਾਗੀ ਘਟਨਾ ਸਾਹਮਣੇ ਆਈ ਹੈ ਜਿਸ ਨੂੰ ਲੈ ਕੇ ਸਮੁੱਚੇ ਖ਼ਾਲਸਾ ਪੰਥ ਵਿੱਚ ਭਾਰੀ ਰੋਹ ਅਤੇ ਰੋਸ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਹਿੰਦੁਸਤਾਨ ਦੀ ਹਕੂਮਤ ਦੀ ਸ਼ਹਿ ‘ਤੇ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਜਿੰਨਾ ਚਿਰ ਤੱਕ ਬੇਅਦਬੀ ਕਰਨ ਵਾਲੇ ਪਾਪੀਆਂ ਦੇ ਖ਼ਾਲਸਾਈ ਰਵਾਇਤਾਂ ਅਨੁਸਾਰ ਸੋਧੇ ਨਹੀਂ ਲੱਗਦੇ ਓਨਾ ਚਿਰ ਤੱਕ ਅਸੀਂ ਇਹ ਮਾਨਸਿਕ ਸੰਤਾਪ ਭੋਗਦੇ ਰਹਾਂਗੇ। ਲੋੜ ਹੈ ਕਿ ਬੇਅਦਬੀ ਕਰਨ ਵਾਲੇ ਦੁਸ਼ਟਾਂ ਦੇ ਸਿਰ ਵੱਢ ਕੇ ਮੱਸੇ ਰੰਗੜ ਵਾਂਗ ਨੇਜੇ ਉੱਤੇ ਟੰਗੇ ਜਾਣ, ਦੋਸ਼ੀਆਂ ਨੂੰ ਚੌਂਕ-ਚੁਰਾਹੇ ‘ਤੇ ਖੜ੍ਹਾ ਕਰਕੇ ਗੋ.ਲੀ ਮਾਰੀ ਜਾਵੇ, ਅਜਿਹੀ ਮਿਸਾਲੀ ਸਜ਼ਾ ਦਿੱਤੀ ਜਾਵੇ ਕਿ ਅੱਗੇ ਤੋਂ ਕੋਈ ਬੇਅਦਬੀ ਕਰਨ ਦਾ ਹੀਆ ਨਾ ਕਰ ਸਕੇ। ਦੋਸ਼ੀਆਂ ਦੇ ਏਨੇ ਟੋਟੇ ਕੀਤੇ ਜਾਣ ਕਿ ਉਸ ਦੇ ਪਰਿਵਾਰ ਵਾਲੇ ਗਿਣ ਵੀ ਨਾ ਸਕਣ। ਫ਼ੈਡਰੇਸ਼ਨ ਆਗੂ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਪੁਲਿਸ ਮਾਨਸਿਕ ਰੋਗੀ ਕਹਿ ਕੇ ਹਰ ਵਾਰ ਬਚਾਉਂਦੀ ਹੈ, ਪਾਪੀਆਂ ਨੂੰ ਛੇਤੀ ਕੀਤੇ ਤਾਂ ਸਜ਼ਾ ਨਹੀਂ ਹੁੰਦੀ ਜੇਕਰ ਸਿੱਖ ਕੌਮ ਵੱਲੋਂ ਕੀਤੇ ਸੰਘਰਸ਼ ਦੇ ਦਬਾਅ ਹੇਠ ਸਜ਼ਾ ਹੋ ਵੀ ਜਾਵੇ ਤਾਂ ਛੇਤੀ ਹੀ ਉਹ ਜ਼ਮਾਨਤ ‘ਤੇ ਰਿਹਾਅ ਹੋ ਕੇ ਸਰਕਾਰੀ ਗੰਨਮੈਨ ਲੈ ਕੇ ਸਿੱਖ ਕੌਮ ਨੂੰ ਚਿੜਾਉਂਦੇ ਹਨ। ਉਹਨਾਂ ਕਿਹਾ ਕਿ ਇਸ ਘਟਨਾ ਵਿੱਚ ਬਾਦਲ ਦਲ ਦੇ ਕਬਜ਼ੇ ਹੇਠਲੀ ਸ਼੍ਰੋਮਣੀ ਕਮੇਟੀ ਵੀ ਦੋਸ਼ੀ ਹੈ, ਜਿਸ ਨੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕਦੇ ਵੀ ਗੰਭੀਰਤਾ ਨਹੀਂ ਦਿਖਾਈ ਸਗੋਂ ਬੇਅਦਬੀਆਂ ਦਾ ਦੌਰ 2015 ਵਿੱਚ ਬਾਦਲ ਦਲ ਦੇ ਰਾਜ ਵਿੱਚ ਹੀ ਸ਼ੁਰੂ ਹੋਇਆ ਸੀ। ਉਹਨਾਂ ਕਿਹਾ ਕਿ ਹੁਣ ਪਾਣੀ ਸਿਰੋਂ ਲੰਘ ਚੁੱਕਾ ਹੈ, ਬਰਗਾੜੀ ਤੋਂ ਬਾਅਦ ਬੇਅਦਬੀ ਘਟਨਾ ਸ੍ਰੀ ਦਰਬਾਰ ਸਾਹਿਬ ‘ਚ ਵੀ ਵਾਪਰ ਚੁੱਕੀ ਹੈ ਤੇ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਿਖੇ ਵੀ ਬੇਅਦਬੀ ਹੋ ਚੁੱਕੀ ਹੈ, ਹੁਣ ਹੋਰ ਬਰਦਾਸ਼ਤ ਕਰਨਾ ਸਿੱਖਾਂ ਵਾਸਤੇ ਪਾਪ ਅਤੇ ਮਰਨ ਸਮਾਨ ਹੈ। ਉਹਨਾਂ ਕਿਹਾ ਕਿ ਚਾਹੇ ਬਾਦਲ ਦਲ ਹੋਵੇ, ਚਾਹੇ ਕਾਂਗਰਸ ਹੋਵੇ, ਚਾਹੇ ਝਾੜੂ ਪਾਰਟੀ ਹੋਵੇ ਜਾਂ ਭਾਜਪਾ ਸਭ ਨੇ ਬੇਅਦਬੀ ਘਟਨਾਵਾਂ ‘ਤੇ ਰਾਜਨੀਤੀ ਕੀਤੀ ਹੈ। ਉਹਨਾਂ ਕਿਹਾ ਕਿ ਜਦੋਂ ਬਰਗਾੜੀ ਦੇ ਮੁੱਖ ਦੋਸ਼ੀ ਡੇਰਾ ਸਿਰਸਾ ਮੁਖੀ ਨੂੰ ਸਰਕਾਰ ਵਾਰ ਵਾਰ ਪੈਰੋਲ ‘ਤੇ ਰਿਹਾਅ ਕਰੇ ਤਾਂ ਦੁਸ਼ਟਾਂ ਦੇ ਹੌਂਸਲੇ ਤਾਂ ਵੱਧਣੇ ਹੀ ਹਨ। ਉਹਨਾਂ ਕਿਹਾ ਕਿ ਸਿੱਖਾਂ ਦੀ ਸੰਸਥਾ ਸ਼੍ਰੋਮਣੀ ਕਮੇਟੀ ਨੇ ਬੇਅਦਬੀ ਘਟਨਾਵਾਂ ‘ਚ ਸੰਘਰਸ਼ ਦੀ ਅਗਵਾਈ ਕਰਨੀ ਸੀ ਪਰ ਉਹ ਤਾਂ ਖੁਦ ਪਾਪੀਆਂ ਨੂੰ ਸਨਮਾਨਤ ਕਰਦੀ ਫਿਰਦੀ ਹੈ ਅਤੇ 328 ਪਾਵਨ ਸਰੂਪਾਂ ਨੂੰ ਲਾਪਤਾ ਕਰਨ ਵਿੱਚ ਵੀ ਦੋਸ਼ੀ ਹੈ, ਸਿੱਖ ਜਾਣ ਤਾਂ ਜਾਣ ਕਿੱਧਰ ਨੂੰ। ਸਿੱਖ ਬੇਚੈਨ ਅਤੇ ਬਾਕੀ ਹਨ, ਗੁੱਸੇ ਅਤੇ ਰੋਹ ਵਿੱਚ ਹਨ, ਉਹ ਆਪਣੇ ਗੁਰੂ ਦੀ ਬੇਅਦਬੀ ਕਦੇ ਵੀ ਨਹੀਂ ਸਹਾਰ ਸਕਦੇ, ਤੇ ਬੇਅਦਬੀ ਨੂੰ ਰੋਕਣ ਅਤੇ ਗੁਰੂ ਸਾਹਿਬ ਦੇ ਸਤਿਕਾਰ ਲਈ ਸਿੱਖਾਂ ਵੱਲੋਂ ਉਠਾਇਆ ਹੋਇਆ ਹਰ ਕਦਮ ਤੇ ਸੰਘਰਸ਼ ਜਾਇਜ਼ ਹੋਵੇਗਾ। ਉਹਨਾਂ ਕਿਹਾ ਕਿ ਬੇਅਦਬੀ ਦੇ ਪਾਪੀਆਂ ਨੂੰ ਬਚਾਉਣ ਕਾਰਨ ਬਾਦਲਾਂ ਦਾ ਸੱਤਿਆਨਾਸ ਹੋਇਆ ਸੀ ਤੇ ਬਾਦਲਾਂ ਨੂੰ ਬਚਾਉਣ ਕਾਰਨ ਕੈਪਟਨ ਵੀ ਉਸੇ ਖੱਡ ਵਿੱਚ ਡਿੱਗ ਪਿਆ ਤੇ ਤੇ ਹੁਣ ਵਾਰੀ ਭਗਵੰਤ ਮਾਨ ਦੀ ਹੈ। ਉਹਨਾਂ ਕਿਹਾ ਕਿ ਜਿਸ ਦੇਸ਼ ਵਿੱਚ ਸਿੱਖਾਂ ਦਾ ਇਸ਼ਟ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਹੀ ਸੁਰੱਖਿਅਤ ਨਹੀਂ ਉਥੇ ਸਿੱਖ ਕਿਵੇਂ ਸੁਰੱਖਿਅਤ ਹੋ ਸਕਦੇ ਹਨ। ਉਹਨਾਂ ਕਿਹਾ ਕਿ ਭਾਈ ਅਮ੍ਰਿਤਪਾਲ ਸਿੰਘ ਖ਼ਾਲਸਾ ਦੀ ਗ੍ਰਿਫ਼ਤਾਰੀ ਮਗਰੋਂ ਮੋਰਿੰਡੇ ਵਿੱਚ ਬੇਅਦਬੀ ਦੇ ਕੀ ਅਰਥ ਹਨ ? ਉਹਨਾਂ ਕਿਹਾ ਕਿ ਪੰਜਾਬ ਵਿੱਚ ਸਿਖ ਕੌਮ ਦਾ ਬੋਲਬਾਲਾ ਹੈ, ਗੁਰਦਵਾਰੇ ਚੌਵੀ ਘੰਟੇ ਵੀ ਜੇ ਖੁਲ੍ਹੇ ਰਹਿਣ ਤਾਂ ਵੀ ਕਿਸੇ ਦੀ ਬੇਅਦਬੀ ਜਾਂ ਕੋਈ ਗੜਬੜ ਕਰਨ ਦੀ ਜੁੱਰਅਤ ਨਾ ਪਵੇ ਪਰ ਹਕੂਮਤ ਚਾਹੁੰਦੀ ਹੈ ਕਿ ਤੁਸੀ ਚਾਹੇ ਜੋ ਮਰਜੀ ਪ੍ਰਬੰਧ ਕਰ ਲਵੋ, ਸਾਡੇ ਕਰਿੰਦੇ ਹਰ ਹੀਲੇ ਬੇਅਦਬੀ ਕਰਨਗੇ। ਸਿੱਖ ਕੌਮ ਦੀ ਅਣਖ, ਗੈਰਤ, ਸੂਰਮਗਤੀ, ਬਹਾਦਰੀ ਤੇ ਦਲੇਰੀ ਨੂੰ ਰੋਕ ਕੇ ਸਿੱਖਾਂ ਅੰਦਰ ਹੀਣਤਾ ਭਰਨੀ ਹਕੂਮਤ ਦਾ ਏਜੰਡਾ ਹੈ। ਭਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਮਗਰੋਂ ਮੋਰਿੰਡੇ ਵਾਲੀ ਬੇਅਦਬੀ ਘਟਨਾ ਸਿੱਖ ਕੌਮ ਨੂੰ ਚੈੱਕ ਕਰਨ ਲਈ ਹੈ ਕਿ ਸਿੱਖ ਨੌਜਵਾਨੀ ਵਿੱਚ ਪਿਛਲੇ ਛੇ ਮਹੀਨੇ ਵਿੱਚ ਸਿੱਖ ਧਰਮ, ਕੌਮ ਲਈ ਕਿੰਨੀ ਕੁ ਜਾਗ੍ਰਿਤੀ ਆਈ ਹੈ। ਸਿੱਖ ਨੌਜਵਾਨੀ ਦੇ ਇਸ ਉਭਾਰ ਦੇ ਕੇਂਦਰ ਵਿੱਚ ਇਹੀ ਨੁਕਤਾ ਸੀ ਕਿ ਸਿੱਖ ਕੌਮ ਅੰਦਰ ਚੜ੍ਹਦੀ ਕਲਾ ਦਾ ਜਜ਼ਬਾ ਉਭਾਰਨਾ।ਹਕੂਮਤ ਨੇ ਬੇਅਦਬੀ ਕਰਵਾ ਕੇ ਸਿੱਖਾਂ ਵਿੱਚ ਹੀਣਤਾ ਤੇ ਢਹਿੰਦੀ ਕਲਾ ਭਰਨ ਦੀ ਜਿੱਦ ਫੜ ਲਈ ਹੈ ਕਿ ਕਰੋ ਕੀ ਕਰਦੇ ਹੋ। ਹੁਣ ਸਿੱਖਾਂ ਨੂੰ ਮਾਤਾ ਦੇ ਮਾਲ ਨਹੀਂ ਬਲਕਿ ਕਲਗੀਧਰ ਦੇ ਲਾਲ ਬਣਨ ਦੀ ਲੋੜ ਹੈ।



# ਅੰਤ ਨਹੀਂ, ਸ਼ੁਰੂਆਤ ਹੋਈ...

ਇਹ ਵੀ ਦੇਖਣ-ਸਿੱਖਣ-ਸਮਝਣ ਨੂੰ ਮਿਲ਼ਿਆ ਕਿ ਸਟੇਟ ਕਿਵੇਂ ਕੰਮ ਕਰਦੀ ਹੈ, ਤੇ ਸਾਡੇ ਵਿੱਚੋਂ ਹੀ ਸਾੜਾ ਗ੍ਰਸਤ ਕਿਵੇਂ ਸਟੇਟ ਦਾ ਸੰਦ ਹੋ ਨਿੱਬੜਦੇ ਹਨ।. ਕਿਵੇਂ ਆਪਣੇ ਆਪ ਨੂੰ ਕੌਮ ਦੇ, ਪੰਥ ਦੇ ਵੱਡੇ ਦਰਦੀ ਕਹਾਉਣ ਵਾ.ਲੇ ਸਟੇਟ ਦੀ ਬੋਲੀ ਬੋਲਦੇ ਹਨ ਅਤੇ ਆਪਣਿਆਂ ਤੇ ਜੁਲਮ ਕਰਨ ਵਾ.ਲਿਆਂ ਦੀ ਤਲਵਾਰ ਨੂੰ ਸਾਣ ਲਾਉਂਦੇ ਹਨ।

ਮੇਰੇ ਅਰਗੀ 1990 ਦੇ ਆਸ ਪਾਸ ਪੈਦਾ ਹੋਈ ਪੀੜ੍ਹੀ ਜਿਸਨੂੰ ਇਹ ਨਹੀਂ ਪਤਾ ਲੱਗਦਾ ਕਿ, ਕੌਣ ਆਪਣਾ ਹੈ ਅਤੇ ਕੌਣ ਬੇਗਾਨਾ।।ਇਸ ਪੀੜ੍ਹੀ ਲਈ ਆਹ ਬੀਤੇ ਛੇ ਮਹੀਨੇ ਬੜੇ ਸਹਾਈ ਹੋਣਗੇ, ਭਵਿੱਖ ਵਿੱਚ ਆਪਣਿਆਂ ਅਤੇ ਪਰਾਇਆਂ ਦੀ ਪਹਿਚਾਣ ਕਰਨ ਲਈ।ਦੀਪ ਸਿੰਘ ਸਿੱਧੂ ਨੇ ਸਟੇਟ ਦੀ ਐਂਟੀ ਪੰਜਾਬ ਕਾਰਜਸ਼ੈਲੀ ਨੂੰ ਬਿਆਨਿਆ ਕੀਤਾ ਸੀ। ਭਾਈ ਸਾਹਿਬ ਨੇ ਇੱਕ ਸਟੈੱਪ ਅੱਗੇ ਵਧਦੇ ਹੋਏ, ਸਟੇਟ ਦੀ ਐਂਟੀ ਪੰਜਾਬ / ਸਿੱਖ ਕਾਰਜਸ਼ੈਲੀ ਦੇ ਨਾ.ਲ ਨਾ.ਲ, ਉਸ ਵਿੱਚ ਆਪਣੇ ਕਿਵੇਂ ਸਹਾਈ ਹੁੰਦੇ ਹਨ, ਦੇ ਪ੍ਰਤੱਖ ਦਰਸ਼ਨ ਕਰਵਾ ਦਿੱਤੇ।

.. ਭਾਈ ਸਾਹਿਬ ਨੇ ਇੱਕ ਵਾਰ ਫੇਰ ਇਹ ਸਿੱਧ ਕਰ ਦਿੱਤਾ ਕਿ, ਸਿੱਖਾਂ ਨੇ ਟੇਬਲ ਟਾਕ ਦਾ ਰਸਤਾ ਕਦੇ ਛੱਡਿਆ ਨਹੀਂ.. ਤੇ ਹਕੂਮਤ ਨੇ ਕਦੇ ਚੁਣਿਆ ਨਹੀਂ।

... ਵਾਕਿਯ ਈ, ‘ਇਹ ਅੰਤ ਨਹੀਂ, ਸ਼ੁਰੂਆਤ ਹੈ।

ਪੰਜਾਬ ਗਦਾਰ ਲੀਡਰ ਵੇਖ ਵੇਖ ਦਿਮਾਗ ਖਰਾਬ ਹੋ ਗਿਆ ਸੀ ਸ਼ੁਕਰ ਆ ਭਾਈ ਸਾਹਿਬ ਭਾਈ ਦੀਪ ਸਿੱਧੂ ਤੋਂ ਬਾਅਦ ਕਿਸੇ ਮਰਦ ਦੇ ਦਰਸ਼ਨ ਹੋਏ । ਸਾਰੇ ਲੀਡਰਾਂ ਨੂੰ ਫਿਕਰ ਸੀ ਕੇ ਏਹ ਬੰਦਾ ਆਉਣ ਵਾਲੇ ਸਮੇਂ ਵਿੱਚ ਰਾਜਨੀਤੀ ਦੇ ਤਖਤੇ ਪਲਟ ਦੇਵੇਗਾ। ਬਾਬਿਆਂ ਨੂੰ ਫਿਕਰ ਸੀ ਕੇ ਏਹ ਸਾਡਾ ਧੰਦਾ ਬੰਦ ਕਰ ਦੇਵੇਗਾ । ਨਸ਼ੇ ਦੇ ਸੌਦਾਗਰ ਸੋਚਦੇ ਸੀ ਅਸੀਂ ਵਿਹਲੇ ਹੋ ਜਾਵਾਂਗੇ। ਖੁਦਗਰਜੀ ਤੇ ਹੰਕਾਰ ਦੇ ਸ਼ਿਕਾਰ ਹੋ ਚੁੱਕੇ ਅਖੌਤੀ ਖਾੜਕੂ ਸੋਚਦੇ ਸੀ ਯਾਰ ਏ ਮੁੰਡਾ ਏਨਾਂ ਮਾਣ ਸਨਮਾਨ ਹਾਸਲ ਕਿਵੇਂ ਕਰ ਗਿਆ ਜੋ ਸਾਨੂੰ ਨਈ ਹੋਇਆ ? ਏਨੂੰ ਭੰਡੋ ਏਦੇ ਵਿੱਚ ਗਲਤੀਆਂ ਕੱਢੋ । ਸੰਪਰਦਾਵਾਂ ਦੇ ਮੁਖੀ ਨੌਜਵਾਨੀ ਕੁਰਲਾਉਂਦੀ ਛੱਡ ਕੇ ਬਾਹਰਲੇ ਮੁਲਕਾਂ ਚ ਪਰਚਾਰ ਕਰਨ ਚਲੇ ਗਏ ਜਿਵੇਂ ਪੰਜਾਬ ਪਰਚਾਰ ਨਾਲ ਨੱਕੋ ਨੱਕ ਭਰ ਗਿਆ ਸੀ? ਸਰਕਾਰੀ ਗੰਨਮੈਨ ਕੋਲ ਰੱਖ ਕੇ ਕੌਮ ਦਾ ਪੱਖ ਕਦੇ ਵੀ ਨਈਂ ਪੂਰਿਆ ਜਾ ਸਕਦਾ ਕਈ ਬਾਣੇ ਪਾ ਕੇ ਵੀ ਗੰਨਮੈਨ ਰੱਖੀ ਫਿਰਦੇ ਨੇਂ।ਕੋਈ ਸਾਧ ਨਈਂ ਬੋਲਿਆ । ਗਾਉਣ ਵਾਲਿਆਂ ਪੰਜਾਬ ਦਾ ਖਾ ਕੇ ਪੰਜਾਬ ਦੇ ਮੁੰਡਿਆ ਲਈ ਹਾਅ ਦਾ ਨਾਅਰਾ ਨਈਂ ਮਾਰਿਆ ਕੋਈ ਪੱਗ ਬੰਨ ਕੇ ਕਹਿੰਦਾ ਰਿਹਾ ਪੰਜਾਬ ਦਾ ਕੰਮ ਨੱਚਣਾ ਟੱਪਣਾ ਏ ਹਥਿਆਰਾਂ ਦੀਆਂ ਬਾਤਾਂ ਨਾ ਪਾਉ ਕੋਈ ਪੱਗ ਬੰਨ ਕੇ ਵਿੱਚੋਂ ਵਾਲ ਬਾਹਰ ਕੱਢੀ ਫਿਰਦਾ।ਸਭ ਦੀਆਂ ਜੁਬਾਨਾਂ ਵਿੱਚ ਕੀੜੇ ਪੈ ਗਏ ਤਮਾਸ਼ਾ ਦੇਖਿਆ ਕੌਮ ਦਾ ਰੱਜ ਕੇ । ਪਰ ਬਾਜਾਂ ਵਾਲਾ ਸਾਨੂੰ ਇਕੱਲਿਆਂ ਨਈਂ ਛੱਡਦਾ ਸਿੰਘੋ। ਪੰਜਾਬ ਜਿੰਦਾਬਾਦ , ਓਹ ਮਰਦ ਜਿੰਦਾਬਾਦ ਨੇ ਜੋ ਇਸਦੀ ਪਹਿਰੇਦਾਰੀ ਕਰ ਰਹੇ ਨੇਂ ਵਾਹਿਗੁਰੂ ਸਾਡੀਆਂ ਉਮਰਾਂ ਵੀ ਓਨਾਂ ਨੂੰ ਲਾ ਦੇਵੇ

**:-ਜਸਵਿੰਦਰ ਸਿੰਘ ਸਰਾਂ**

## (ਮੁੱਖ ਪੰਨੇ ਦੀ ਬਾਕੀ)

ਦਾ ਮਕਸਦ ਧਰਮ ਪ੍ਰਚਾਰ ਹੈ। ਅਸੀਂ ਇਹ ਫੈਸਲਾ ਕੀਤਾ ਹੈ ਕਿ ਉਸ ਪ੍ਰਚਾਰ ਲਹਿਰ ਨੂੰ ਮੁੜ ਸ਼ੁਰੂ ਕੀਤਾ ਜਾਵੇ।ਉਹਨਾਂ ਕਿਹਾ ਕਿ ਇਸ ਖ਼ਾਲਸਾ ਵਹੀਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦਵਾਰਾ ਮੈਨਜਮੈਂਟ ਕਮੇਟੀ, ਸਮੇਤ ਪੰਥਕ ਸਖਸ਼ੀਅਤਾਂ ਨੂੰ ਸੱਦਾ ਦਿੱਤਾ ਗਿਆ ਹੈ। ਇਸ ਵਹੀਰ ਵਿਚ ਅਕਾਲੀ ਦਲ ਅੰਮ੍ਰਿਤਸਰ, ਅਮਰ ਸ਼ਹੀਦ ਭਾਈ ਅਮਰੀਕ ਸਿੰਘ ਵੈਲਫੇਅਰ ਸੁਸਾਇਟੀ,ਅਕਾਲ ਯੂਥ ਜਥੇਬੰਦੀ ਸਮੇਤ ਸਮੂੰਹ ਸਿੱਖ ਜਥੇਬੰਦੀਆਂ ਨੂੰ ਸੱਦਾ ਦਿੱਤਾ ਹੈ।


# Injured in an accident? ICBC claim?

## We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੌਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

• Member, Law Society of British Columbia
• Member, Canadian Bar Association including sub-section memberships in Civil Litigation and Insurance Law
• Member, Trial Lawyers Association of British Columbia
• Member, Indo-Canadian Business Association
• Speaker for the People's Law School on Personal injury Claims
• BSc (Honours), University of Delhi, 1994
• LLB, University of British Columbia, 1998
• Nominated for the Stanton Award-"Outstanding All Round Graduate over 3 years."
• Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

# T 604 449 7500

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# ਭਾਜਪਾ ਨੇ ਪੁਲਵਾਮਾ ਤੇ ਬਾਲਾਕੋਟ ਹਮਲੇ ਨੂੰ ਚੋਣਾਂ ਜਿੱਤਣ ਲਈ ਵਰਤਿਆ:ਮਾਨਿਕ ਸਰਕਾਰ

ਅਗਰਤਲਾ:-ਤ੍ਰਿਪੁਰਾ ਦੇ ਸਾਬਕਾ ਮੁੱਖ ਮੰਤਰੀ ਮਾਨਿਕ ਸਰਕਾਰ ਨੇ ਦਾਅਵਾ ਕੀਤਾ ਕਿ ਭਾਜਪਾ ਨੇ 2019 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਉਸੇ ਸਾਲ ਹੋਏ ਪੁਲਵਾਮਾ (ਦਹਿਸ਼ਤੀ) ਹਮਲੇ ਤੇ ਸਿੱਟੇ ਵਜੋਂ ਗੁਆਂਢੀ ਮੁਲਕ (ਬਾਲਾਕੋਟ) 'ਚ ਕੀਤੇ ਹਵਾਈ ਹਮਲਿਆਂ (ਸਰਜੀਕਲ ਸਟਰਾਈਕ) ਦੀ 'ਵਰਤੋਂ' ਕੀਤੀ ਸੀ।

ਸਰਕਾਰ ਨੇ ਇਹ ਦਾਅਵਾ ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਵੱਲੋਂ ਪਿਛਲੇ ਦਿਨੀਂ ਦਿੱਤੇ ਉਸ ਬਿਆਨ ਮਗਰੋਂ ਕੀਤਾ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪੁਲਵਾਮਾ ਦਹਿਸ਼ਤੀ ਹਮਲਾ 'ਕੇਂਦਰ (ਭਾਜਪਾ) ਸਰਕਾਰ ਦੀ ਨਾਕਾਮੀ ਦਾ ਨਤੀਜਾ ਸੀ, ਜਿਸ ਵਿੱਚ ਸੁਰੱਖਿਆ 'ਚ ਖਾਮੀ ਤੇ ਇੰਟੈਲੀਜੈਂਸ ਦੀ ਅਣਗਹਿਲੀ ਵੀ ਸ਼ਾਮਲ ਸੀ।'

ਚੇਤੇ ਰਹੇ ਕਿ 14 ਫਰਵਰੀ 2019 ਨੂੰ ਇਕ ਫਿਦਾਈਨ ਵੱਲੋਂ ਜੰਮੂ ਕਸ਼ਮੀਰ ਦੇ ਪੁਲਵਾਮਾ ਵਿੱਚ ਕੀਤੇ ਦਹਿਸ਼ਤੀ ਹਮਲੇ 'ਚ ਸੀਆਰਪੀਐੱਫ ਦੇ 40 ਜਵਾਨ ਸ਼ਹੀਦ ਹੋ ਗਏ ਸਨ।

ਮਾਨਿਕ ਸਰਕਾਰ ਨੇ ਇਕ ਪਾਰਟੀ ਪ੍ਰੋਗਰਾਮ ਦੌਰਾਨ ਕਿਹਾ, ''ਮਾਹੌਲ ਦਾ ਲਾਹਾ ਲੈਂਦਿਆਂ ਉਹ (ਭਾਜਪਾ) 2019 ਦੀਆਂ ਲੋਕ ਸਭਾ ਚੋਣਾਂ ਜਿੱਤ ਗਏ ਅਤੇ ਸੱਤਿਆਪਾਲ ਮਲਿਕ, ਜੋ ਪੁਲਵਾਮਾ ਹਮਲੇ ਮੌਕੇ ਜੰਮੂ ਕਸ਼ਮੀਰ ਦੇ ਰਾਜਪਾਲ ਸਨ, ਹੁਣ ਇਸ ਬਾਰੇ ਬੋਲ ਰਹੇ ਹਨ।''

ਬਾਲਾਕੋਟ ਸਰਜੀਕਲ ਹਮਲਿਆਂ ਤੋਂ ਫੌਰੀ ਮਗਰੋਂ ਸੀਪੀਆਈ(ਐੱਮ) ਨੇ ਖ਼ਦਸ਼ਾ ਜ਼ਾਹਿਰ ਕਰਦੇ ਹੋਏ, ਜ਼ੋਰ ਦੇ ਕੇ ਆਖਿਆ ਸੀ ਕਿ ਅਪਰੈਲ-ਮਈ ਵਿੱਚ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਹੋਏ ਇਸ ਹਮਲੇ ਪਿੱਛੇ 'ਡੂੰਘੀ ਸਾਜ਼ਿਸ਼' ਹੈ ਤਾਂ ਕਿ ਬੇਰੁਜ਼ਗਾਰੀ ਜਿਹੇ ਅਹਿਮ ਮੁੱਦਿਆਂ ਤੋਂ ਧਿਆਨ ਲਾਂਭੇ ਕੀਤਾ ਜਾ ਸਕੇ।

ਪੁਲਵਾਮਾ ਹਮਲੇ ਦੇ ਸਿੱਟੇ ਵਜੋਂ ਭਾਰਤ ਦੇ ਜੰਗੀ ਜਹਾਜ਼ਾਂ ਨੇ 26 ਫਰਵਰੀ 2019 ਨੂੰ ਪਾਕਿਸਤਾਨ ਦੇ ਬਾਲਾਕੋਟ ਵਿੱਚ ਜੈਸ਼-ਏ-ਮੁਹੰਮਦ ਦੇ ਸਿਖਲਾਈ ਕੈਂਪਾਂ ਨੂੰ ਨਿਸ਼ਾਨਾ ਬਣਾਇਆ ਸੀ।

# ਸਲਾਹੂਦੀਨ ਦੇ ਬੇਟੇ ਦਾ ਘਰ ਕੁਰਕ

ਸ਼੍ਰੀਨਗਰ:ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਇੱਥੇ ਰਾਮਬਾਗ ਇਲਾਕੇ 'ਚ ਹਿਜ਼ਬੁਲ ਮੁਜਾਹਦੀਨ ਦੇ ਮੁਖੀ ਸਈਅਦ ਸਲਾਹੂਦੀਨ ਦੇ ਬੇਟੇ ਦਾ ਇੱਕ ਮਕਾਨ ਸੋਮਵਾਰ ਕੁਰਕ ਕਰ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਤਹਿਤ ਅਦਾਲਤ ਦੇ ਆਦੇਸ਼ 'ਤੇ ਘਰ ਕੁਰਕ ਕੀਤਾ ਗਿਆ, ਜੋ ਮਾਲ ਰਿਕਾਰਡ 'ਚ ਸਈਅਦ ਅਹਿਮਦ ਸ਼ਕੀਲ ਦੇ ਨਾਂਅ 'ਤੇ ਰਜਿਸਟਰਡ ਹੈ।ਜਾਇਦਾਦ ਕੁਰਕ ਕਰਨ ਸੰਬੰਧੀ ਇੱਕ ਨੋਟਿਸ ਮਕਾਨ ਦੇ ਬਾਹਰ ਲਗਾਇਆ ਗਿਆ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਸਈਅਦ ਸਲਾਹੂਦੀਨ ਦੀ ਹੋਰ ਜਾਇਦਾਦ ਵੀ ਕੁਰਕ ਕੀਤੇ ਜਾਣ ਦੀ ਸੰਭਾਵਨਾ ਹੈ।

# ਫੌਜਾ ਸਿੰਘ ਨੇ ਮੈਰਾਥਨ ਨੂੰ ਦਿਖਾਈ ਹਰੀ ਝੰਡੀ



ਨਵੀਂ ਦਿੱਲੀ:-ਇੱਥੇ ਅੱਜ 112 ਸਾਲਾ ਮੈਰਾਥਨ ਦੌੜਾਕ ਫੌਜਾ ਸਿੰਘ ਦੇ ਨਾਲ '5 ਕੇ ਵਿਸਾਖੀ ਮੈਰਾਥਨ' ਨੂੰ ਰਾਜ ਸਭਾ ਮੈਂਬਰ ਵਿਕਰਮਜੀਤ ਸਾਹਨੀ ਨੇ ਹਰੀ ਝੰਡੀ ਦਿਖਾਈ।ਇਸ ਮੌਕੇ ਸ੍ਰੀ ਸਾਹਨੀ ਨੇ ਕਿਹਾ ਕਿ ਭਾਰਤ ਦੇ ਨੌਜਵਾਨਾਂ ਵਿੱਚ ਖੇਡਾਂ ਦੇ ਖੇਤਰ ਵਿੱਚ ਵਧੀਆ ਪ੍ਰਦਰਸ਼ਨ ਕਰਨ ਦੀ ਸਮਰੱਥਾ ਹੈ, ਪਰ ਉਨ੍ਹਾਂ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਨੌਜਵਾਨਾਂ ਨੂੰ ਪ੍ਰੇਰਨਾ ਦੀ ਲੋੜ ਹੈ।ਇਸ ਮੌਕੇ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਕਰਮਜੀਤ ਸਾਹਨੀ ਨੇ ਕਿਹਾ ਕਿ ਮੈਰਾਥਨ ਦਾ ਮਕਸਦ ਵਿਸਾਖੀ ਦੇ ਤਿਉਹਾਰ ਮੌਕੇ ਭਾਰਤ ਦੀ ਆਜ਼ਾਦੀ ਦੇ ਅੰਮ੍ਰਿਤਕਾਲ ਵਿੱਚ ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਪੰਜਾਬੀਆਂ ਦੇ ਪਾਏ ਵੱਡਮੁੱਲੇ ਯੋਗਦਾਨ ਨੂੰ ਯਾਦ ਕਰਨਾ ਹੈ।ਇਸ ਮੌਕੇ ਉਨ੍ਹਾਂ ਨੇ ਮੈਰਾਥਨ ਦੇ ਥੀਮ 'ਇੱਕ ਦੌੜ-ਮਨੁੱਖੀ ਦੌੜ' ਦਾ ਵੀ ਜ਼ਿਕਰ ਕੀਤਾ।ਸਿੱਖ ਸੁਪਰਮੈਨ 112 ਸਾਲਾ ਮੈਰਾਥਨ ਦੌੜਾਕ ਫੌਜਾ ਸਿੰਘ ਨੇ ਰਾਜ ਸਭਾ ਮੈਂਬਰ ਅਤੇ ਪ੍ਰਧਾਨ ਸਨ ਫਾਊਂਡੇਸ਼ਨ, ਅੰਤਰਰਾਸ਼ਟਰੀ ਪ੍ਰਧਾਨ ਅਤੇ ਵਿਸ਼ਵ ਪੰਜਾਬੀ ਸੰਸਥਾ ਦੇ ਪ੍ਰਧਾਨ ਪਦਮਸ੍ਰੀ ਵਿਕਰਮਜੀਤ ਸਾਹਨੀ ਦੀ ਸਰਪ੍ਰਸਤੀ ਹੇਠ ਕਰਵਾਈ ਗਈ 5ਕੇ ਵਿਸਾਖੀ ਮੈਰਾਥਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਮਹਾਨ ਮੈਰਾਥਨ ਰਨਰ ਫੌਜਾ ਸਿੰਘ ਨੇ ਕਿਹਾ ਕਿ ਸਾਰੀਆਂ ਬੁਰਾਈਆਂ ਨੂੰ ਦੂਰ ਰੱਖਣ ਲਈ ਹਰ ਰੋਜ਼ ਫਿੱਟ ਰਹਿਣਾ ਅਤੇ ਦੌੜਨਾ ਜ਼ਰੂਰੀ ਹੈ।ਇਸ ਦੌਰਾਨ 5ਕੇ ਵਿਸਾਖੀ ਸੁਪਰਸਿੱਖ ਰਨ ਵਿੱਚ 2000 ਤੋਂ ਵੱਧ ਪ੍ਰਤੀਯੋਗੀਆਂ ਨੇ ਹਿੱਸਾ ਲਿਆ।ਇਸ ਮੌਕੇਗੁਰਬਚਨ ਸਿੰਘ ਰੰਧਾਵਾ ਅਤੇ ਬਿਸ਼ਨ ਸਿੰਘ ਬੇਦੀ ਵੱਲੋਂ ਵੀ ਮੈਰਾਥਨ ਦੌੜ ਦੀ ਸ਼ੋਭਾ ਵਧਾਈ ਗਈ।

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads



Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# “ਹੈਰੀਟੇਜ਼ ਮਹੀਨਾ”

## “ਪੁਰਖਿਆਂ ਨੂੰ ਯਾਦ ਕਰਦਿਆਂ”

ਕੈਨੇਡਾ ਗੌਰਮਿੰਟ ਦੇ ਫੈਸਲੇ ਉੱਤੇ ਸਭ ਨੂੰ ਮਾਣ ਹੋਣਾ ਚਾਹੀਦਾ ਕਿ ਅਪ੍ਰੈਲ ‘ਹੈਰੀਟੇਗ ਮਹੀਨਾ’ ਐਲਾਨ ਕਰਦਿਆਂ ਪਹਿਲ ਕਦਮੀ ਕੀਤੀ ਗਈ ਹੈ, ਕਿ ਕੈਨੇਡਾ ਨਿਵਾਸੀ ਅਪ੍ਰੈਲ ਮਹੀਨੇ ਵਿੱਚ ਆਪਣੇ ਪੁਰਖਿਆਂ ਦੀਆਂ ਯਾਦਾਂ ਨੂੰ ਯਾਦ ਕਰਕੇ, ਆਪਣੇ ਪਿਛੋਕੜ ਨਾਲ ਜੁੜ ਕੇ, ਜਿੱਥੇ ਵੱਡੇਰਿਆਂ ਨੂੰ ਯਾਦ ਕਰਦੇ ਹੋਏ ਆਪਣੇ ਮੁੱਢਲੇ ਮਾਰਗ ਪੰਧ ਦਰਸ਼ਨ ਦਾ ਅਹਿਸਾਸ ਨਵੀਂ ਪੀਹੜੀ ਨਾਲ ਉੱਦਮ ਸਾਂਝਾ ਕਰਨਾ, ਬਹੁਤ ਵਧਿਆ ਪਹਿਲ ਕਦਮੀ ਨਾਲ, ਜਾਣਕਾਰੀ ਮੌਕਾ ਹੋਵੇ ਗਾ।ਮੈਂ ਤੁਹਾਨੂੰ ਫਰੇਜਰ ਵੈਲੀ ਦੇ ਇਕ ਖਿੱਤੇ ਐਬਸਫੋਰਡ ਨਾਲ ਜੋੜਨ ਦੀ ਕੋਸ਼ਿਸ਼ ਕਰਾਂਗਾ। ਸ਼ਹਿਰ ਐਬਸਫੋਰ ਨਾਲ ਕੁਝ ਲਾਗਲੇ ਕਸਬੇ ਜੁੜ ਕੇ ਇਕ ਸ਼ਹਿਰ ਬਣਿਆ। ਤਿੰਨ ਅੱਖਰਾਂ ਦਾ ਖਾਸ ਰੋਲ ਹੈ, ਐਸ ਸੂਮਸ, ਐਮ ਮੈਸਕਿਉਈ, ਏ ਐਬਸਫੇਰਡ। ਐਮ ਐਸ ਏ, ਦੇ ਨਾਮ ਥੱਲੇ ਹਸਪਤਾਲ, ਰੀਨਾ, ਕੇਬਲ ਅਤੇ ਮੂਵਿੰਗ ਕੰਪਨੀ। ਹੋਰ ਕਈ ਨਾਵਾਂ ਮੂਹਰੇ ਐਮ ਐਸ ਏ ਲੱਗਦਾ ਹੋਵੇ ਗਾ, ਜਿਵੇਂ ਐਮ ਐਸ ਏ ਟੋਇੰਗ ਵਗੈਰਾ ਵਗੈਰਾ।ਪੁਰਾਣਾ ਐਬਸਫੋਰਡ ਦਾ ਕਸਬਾ ਇੱਕ ਕਲੋਨੀ ਦੇ ਰੂਪ ਵਿੱਚ 1892 ਤੋਂ ਸ਼ੁਰੂ ਹੋਇਆ ਅਬਾਦੀ ਦੇ ਵਧੱਣ ਨਾਲ ਮਿਉਸਿਪਲਿਟੀ ਦਾ ਵੀ ਕਾਰਜ ਕਾਲ ਵੱਧਦਾ ਗਿਆ। ਪ੍ਰੰਤੂ ਇਸ ਦੇ ਬਰਾਬਰ ਹੀ ਦੂਸਰਾ ਕਸਬਾ ਕਲੀਅਰਬਰੁਕ, ਮੈਸਕੀ, ਬਰੇਡਨਰ ਤੇ ਮਾਊਟ ਲੀਹਮੈਨ ਤੇ ਐਲਡਰਗਰੋਵ ਭਾਵੇਂ ਵੱਖਰੇ ਸਨ ਪਰ ਮਿਉਸਿਪਲਿਟੀ ਮੈਸਕੀ ਦੇ ਥੱਲੇ ਆਉਂਦੇ ਸਨ। ਪਰ ਦੋਵੇਂ ਮਿਉਨਸਿਪਲਿਟੀਆ ( ਐਬਸਫੋਰਡ ਤੇ ਮੈਸਕੀ) ਵੱਖਰੀਆਂ ੨ ਰਹਿ ਕੇ ਤਰੱਕੀ ਦੇ ਰਾਹ ਵਿੱਚ ਰੋੜਾ ਸਨ। ਕਨੂੰਨ ਮੁਤਬਿਕ ਕਿਸੇ ਦੇ ਕੋਲੇ ਵੀ ਚਾਰ ਸਟੋਰੀ ਬਿਲਡਿੰਗ ਤੋਂ ਉੱਚੀ ਨਹੀਂ ਜਾ ਸਕਦੀਆਂ। ਐਬਸਫੋਰਡ ਦਾ ਮੇਅਰ ਜੌਰਜ ਫਰਗੂਸ਼ਨ ਤੇ ਮੈਸਕੀ ਦਾ ਮੇਅਰ ਡੇਵ ਕੈਡਿੰਲ ਸਨ, ਲੋਕਾ ਦੇ ਫੈਸਲੇ ਅੱਗੇ ਝੁਕ ਕੇ ਸਰਵੇ ਕਰਵਾਉਣਾ ਪਿਆ। ਸਾਲ 1995 ਵਿੱਚ ਦੋਨੋ ਮਿਉਸਿਪਲਿਟੀਆ ਨੂੰ ਇੱਕ ਦੂਜੇ ਸਮਾ ਕੇ ਘੁਲਮਿਲ ਹੋਣਾ ਪਿਆ ਅਤੇ “ਸਿਟੀ ਆਫ ਐਬਸਫੋਰਡ” ਦਾ ਖ਼ਿਤਾਬ ਹਾਸਲ ਹੋਇਆ। ਫਿਰ ਹਾਈ ਰਾਈਜ਼ ਉਚੀਆਂ ਇਮਾਰਤਾਂ ਦਾ ਅਗਾਸ ਹੋਇਆ, ਐਬਸਫੋਰਡ ਤਰੱਕੀ ਦੇ ਰਾਹ ਤੇ ਚੱਲਿਆਂ ਪੰਜਾਬੀ ਭਾਈਚਾਰੇ ਨੇ ਖ਼ਾਸ ਰੋਲ ਅਦਾ ਕੀਤਾ।1905 ਤੋਂ ਐਬਸਫੇਰਡ ਲੰਬਰ ਕੰਪਨੀ ਦੀ ਸ਼ੁਰੂਆਤ ਮਿੱਲ ਲੇਕ ਉੱਤੇ ਹੋਈ। ਸ਼ਹਿਰ ਦੇ ਸੈਂਟਰ ਵਿਚ ਰੇਲ ਗੱਡੀਆਂ, ਘੋੜੀ ਬੱਘੀਆਂ ਅਤੇ ਟਰੱਕਾਂ ਨਾਲ ਦ੍ਰਖੱਤ ਕੱਟ ਕੇ ਲਿਆਂਦੀ ਲੱਕੜ ਨੂੰ, ਲੇਕ ਦੇ ਪਾਣੀ ਵਿੱਚ ਸੁੱਟ ਲਿਆ ਜਾਂਦਾ। ਪਾਣੀ ਵਿੱਚੋਂ ਖਿੱਚ ਕੇ ਮਿੱਲ ਲੇਕ ਦੇ ਪੱਛਮ ਵਿੱਚ ਲੱਗੇ ਆਰੇ ਤੇ ਪਲੇਨਿਰ ਰਾਹੀ ਲੰਬਰ ਦੀ ਕਟਾਈ ਸੁਧਾਈ ਕਰਕੇ ਅੱਗੇ ਮਾਰਕੀਟ ਵਿੱਚ ਲੰਬਰ ਵੇਚਿਆ ਜਾਂਦਾ। ਐਬਸਫੇਰਡ ਲੰਬਰ ਕੰਪਨੀ ਟਰਿਥਵੂਈ ਪ੍ਰਵਾਰ ਦੀ ਮਲਕੀਅਤ ਸੀ। ਇਸ ਪਰਿਵਾਰ ਦੀ ਚੌਥੀ ਤੇ ਪੰਜਵੀਂ ਪੀਹੜੀ ਅਜੇ ਵੀ ਐਬਸਫੋਰਡ ਵਿਖੇ ਰਹਿ ਰਹੀ ਹੈ।1903-1906 ਤੋਂ ਪੰਜਾਬੀ ਐਬਸਫੋਰਡ ਵਿੱਚ ਰਹਿਣ ਦੇ ਸਬੂਤ ਮਿਲਦੇ ਹਨ ਜਿੰਨਾ ਦੇ ਨਾਵਾਂ ਦਾ ਜ਼ਿਕਰ ਮੇਰੀ ਤਿਰਛੀ ਨਜ਼ਰ, ਖੋਜ ਦਾ ਹਿੱਸਾ ਬਣਿਆ। ਹਰੀ ਸਿੰਘ ਥਾਦੀ (1903) ਸੁੰਦਰ ਸਿੰਘ ਥਾਦੀ (1904) ਠਾਕਰ ਸਿੰਘ ਬੰਗਾ ( ਲੰਗੜੋਆ 1906) ਨਿਰੰਜਨ ਸਿੰਘ ਹਠੌਲੀ (1906 ਜੋ ਸ ਪਿਆਰਾ ਸਿੰਘ ਅਕਾਲੀ ਸਿੱਖ ਸੁਸਾਇਟੀ ਦੇ ਫੁੱਫੜ ਜੀ ਸਨ) ਭਾਈ ਵੀਰ ਸਿੰਘ ਚੰਨਣ ਵਾਲ ਫਿਰ ਉਨਾਂ ਦਾ ਨਾਮ ਭਾਈ ਦਯਾ ਸਿੰਘ ਪੱਕ ਗਿਆ ਕਿਉਂਕਿ ਉਹ ਨਵੇਂ ਆਏ ਇਮੀਗਰਾਟਾਂ ਉੱਤੇ ਦਯਾ ਕਰਕੇ, ਮਾਇਆ ਪੱਖੋਂ ਮਦਦਤ ਕਰਦੇ ਸਨ ਹਰ ਇੱਕ ਉੱਤੇ ਦਿਆਂ ਕਰਨੀ ਉਹਨਾਂ ਦਾ ਧਰਮ ਸੀ। ਉਹ ਮਿੱਲ ਵਿੱਚ ਕੰਮ ਕਰਨ ਵਾਲੇ ਪੰਜਾਬੀਆ ਨੂੰ ਦੋ ਵਕਤ ਲੰਗਰ ਤਿਆਰ ਕਰਕੇ ਦਿੰਦੇ ਅਤੇ ਨਾਲ ਸਵੇਰੇ ਸ਼ਾਮ ਪਾਠ ਸੁਣਾਉਂਦੇ, ਅੱਗੇ ਜਾਕੇ ਹੈਰੀਟੇਜ ਗੁਰਦੁਆਰੇ ਦੇ ਪਹਿਲੇ ਗ੍ਰੰਥੀ ਵੀ ਬਣੇ। ਇਤਿਹਾਸ ਦੱਸਦਾ ਕਿ ਜਦੋਂ ਉਹ ਸੰਸਾਰ ਤੋਂ ਚਲਾਣਾ ਕਰ ਗਏ, ਤਾਂ ਉਹਨਾਂ ਦਾ ਸਸਕਾਰ ਖੁੱਲੇ ਖੇਤ ਲੱਕੜਾਂ ਬਾਲ ਕੇ ਕੀਤਾ ਗਿਆ ਜਿੱਥੇ ਇਹ ਹੁਣ ਵੱਡਾ ਗੁਰਦੁਆਰਾ 1983 ਤੋ ਸਥਾਪਤ ਹੈ। ਇਹ ਖੁੱਲੇ ਮੈਦਾਨ ਲੱਕੜਾ ਬਾਲ਼ ਕੇ ਸਸਕਾਰ ਕਰਨਾ, ਉਦੋਂ ਗੋਰਿਆਂ ਵਾਸਤੇ ਅਚੰਭੇ ਵਾਲ਼ੀ ਗੱਲ ਸੀ। ਉਸ ਸੀਨ ਦੀਆਂ ਪਿਕਚਰਾਂ ਉਦੋਂ ਦੇ ਅਖਬਾਰਾਂ ਵਿਚ ਲੱਗੀਆਂ। ਸੰਤਾ ਸਿੰਘ ਚੰਦ (ਮੋਗਾ) ਮਿੱਤ ਸਿੰਘ ਪੰਡੋਰੀ, ਦੌਲਤ ਖਾਨ, ਰਾਮ ਸਿੰਘ ਧੰਨੌਲਾ, ਸਰਦਾਰਾ ਸਿੰਘ ਮਲਿਕਪੁਰ, ਬਲਵੰਤ ਸਿੰਘ, ਹਰੀ ਸਿੰਘ, ਗੁਰਚਰਨ ਸਿੰਘ ਵਡਾਲਾ ਰਾਮ ਸਿੰਘ ਧੰਨੌਲਾ ਸਨ। ਅਤੇ ਹੋਰ ਹਿੰਦੂ ਮੁਸਲਿਮ ਅਤੇ ਸਿੱਖਾਂ ਦਾ ਜ਼ਿਕਰ ਆਉਂਦਾ ਹੈ। ਮਿੱਲ ਲੇਕ ਉੱਤੇ ਮਿੱਲ ਚਾਲੂ ਸੀ, ਸੁੰਦਰ ਸਿੰਘ ਥਾਂਦੀ ਸੁਪਰਵਾਈਜ਼ਰ ਹੋਣ ਕਾਰਣ ਉਸ ਦੇ ਨਾਮ ਦੀ ਅੱਲ ‘ਬਾਸ’ ਨਾਮ ਦੀ ਪੈ ਗਈ ਜੋ ਅਖੀਰ ਦਮ ਤੱਕ ਉਹਨਾਂ ਨਾਲ ਗਈ।

ਸੰਨ 1907 ਦੀ ਗੱਲ ਹੈ ਯੇਲ ਵੈਗਨ ਰੋਡ (ਇਹ ਸੜਕ, ਜਿਸ ਦਾ ਬਾਦ ਵਿੱਚ ਨਾਮ ਬਦਲ ਕੇ ਫਰੇਜ਼ਰ ਹਾਈਵੇ ਪਿਆ ਅਤੇ 1930 ਵਿਚ ਸ਼ਾਊਥ ਫਰੇਜ਼ਰ ਵੇਅ ਪਿਆ ਜੋ ਹੁਣ ਵੀ ਹੈ) ਉਪਰ 32 ਏਕੜ ਦੇ ਫਾਰਮ ਦਾ ਰਕਬਾ ਸੀ ਜਿਸ ਵਿੱਚ ਜੰਗਲੀ ਫਲਾਂ ਦੇ ਦਰਖਤ ਕੰਡਿਆਲੀ ਝਾੜੀਆਂ ਸਨ। ਕਹਿਣ ਤੋਂ ਮਤਲਵ ਬੇਅਬਾਦ ਕੋਈ ਫ਼ਸਲ ਜਾਂ ਆਮਦਨ ਦਾ ਸਾਧਨ ਨਹੀਂ ਸੀ। ਇਨਾਂ ਟਾਇਮਾਂ ਵਿੱਚ ਜਿੰਨਾਂ ਜ਼ਮੀਨਾਂ ਦਾ ਟੈਕਸ ਤਾਰਨਾਂ ਔਖਾ ਹੋ ਜਾਂਦਾ ਉਹ ਜ਼ਿਆਦਾਤਰ ਚਰਚਾ ਨੂੰ ਲਿਖਾਂ ਦਿੱਤੀਆਂ ਜਾਂਦੀਆਂ। ਇਹ 32 ਏਕੜ ਦੇ ਫਾਰਮ ਦਾ ਵਿਚਕਾਰਲਾ ਹਿੱਸਾ ਉੱਚਾ ਅਤੇ ਦੋਨਾਂ ਪਾਸਿਆਂ ਨੂੰ ਢਲਾਣਾਂ ਪੈਂਦੀਆਂ ਸਨ। ਇਸ ਦਾ ਮਾਲਕ ਮਿਸਟਰ ਜ਼ੇਮਜ਼ ਹਿੰਗਨਸਨ ਸੀ। ਇਸ ਨੇ ਇਹ ਜ਼ਮੀਨ ਅੱਗੇ, ਦੋ ਹਿੱਸੇਦਾਰਾਂ ਮਿਸਟਰ ਜੇ ਡਬਲਿਊ ਮੈਕਲਮ, ਅਤੇ ਮਿਸਟਰ ਜੌਨ ਏ ਪੀਕੌਕ ਨੂੰ ਦਸੰਬਰ 03/1907 ਵਿੱਚ $800 ਡਾਲਰ ਨੂੰ ਵੇਚ ਦਿੱਤੀ ਉਦੋਂ ਔਸਤਨ ਕੀਮਤ $25 ਡਾਲਰ ਪ੍ਰਤੀ ਏਕੜ ਪਈ ਸੀ। ਇਸ ਦੀ ਰਜਿਸਟਰੀ ਜਨਵਰੀ 04/1908 ਨੂੰ ਦੁਪਿਹਰ ਦੇ ਤਿੰਨ ਵਜੇ ਰਜਿਸਟਰਡ ਹੋਈ। ਇਨਾਂ ਦੋ ਹਿੱਸੇਦਾਰਾਂ ਨੂੰ ਅੱਗੇ ਜਾਕੇ ਟੈਕਸ ਤਾਰਨ ਦੀ ਸਮੱਸਿਆ ਖੜੀ ਹੋ ਗਈ। ਉੱਥੇ ਕਿਤੇ ਸਰਦਾਰਾ ਸਿੰਘ ਮਲਿਕਪੁਰ ਜਿਸ ਦਾ ਦੂਸਰਾ ਨਾਮ ਹਰੀ ਸਿੰਘ ਜੀ ਕੋਲ ਦੀ ਲੰਘਦੇ ਰੁਕ ਗਏ ਤਾਂ ਮਾਲਕ ਗੋਰਿਆਂ ਨਾਲ ਗੱਲ ਚੱਲ ਪਈ। ਉਹ ਕਹਿੰਦਾ ਜੇ ਇਕ ਏਕੜ ਜ਼ਮੀਨ ਸਾਨੂੰ ਗੁਰਦੁਆਰੇ ਵਾਸਤੇ ਵੇਚ ਦਿਓ ਤਾਂ ਸਾਨੂੰ ਜਗਾ ਪਰੇਰ ਵਾਸਤੇ ਮਿਲ ਜਾਵੇ ਗੀ ਤੁਹਾਡਾ ਟੈਕਸ ਮਸਲਾ ਹੱਲ ਹੋ ਜਾਵੇਗਾ। ਉਹ ਮੰਨ ਗਏ। ਸਰਦਾਰਾ ਸਿੰਘ ਨੇ ਸ਼ਰਤ ਰੱਖੀ ਕਿ ਇਕ ਏਕੜ ਵਿਚਕਾਰਲੀ ਉੱਚੀ ਥਾਂ ਤੇ ਯੇਲ ਰੋਡ ਤੇ ਲੱਗਦਾ ਹੋਣਾ ਚਾਹੀਦਾ ਹੈ। ਉਹ ਸਹਿਮਤ ਹੋ ਗਏ। ਸਰਦਾਰਾ ਸਿੰਘ ਨੇ ਕਰਮਾਂ ਮਾਰ ਕੇ ਨਿਸ਼ਾਨੀਆਂ ਲਾ ਦਿੱਤੀਆਂ। ਹੁਣ ਵਿਕਟੋਰੀਆ ਵਿੱਚ ਹਿਸਟਰੀ ਬੋਲਦੀ ਓਬੋਟ ੍ਨਏ ਓਚਰਏ, ਚੋੁਲਦ ਬਏ ਲਏਸਸ ੍ਰ ੍ਵਏਰ, ਬਏਚਉਸਏ ਮਏਸਸਏਰ ਬੇ ਸਟਏਪਸ. ਜਗਾ ਦਾ ਸੌਦਾ ਕਰਕੇ ਸਰਦਾਰਾ ਸਿੰਘ ਨੇ ਮਿੱਲ ਲੇਕ ਉਤੇ ਜਾਕੇ ਕੈਬਿੰਨਾਂ ਵਿੱਚ ਰਹਿੰਦੇ ਪੰਜਾਬੀਆ ਨਾਲ ਜਾਣਕਾਰੀ ਸਾਂਝੀ ਕੀਤੀ। ਸਾਰਿਆਂ ਮੀਟਿੰਗ ਕਰਕੇ, ਗੁਰਦੁਆਰਾ ਪਾਉਣ ਦੀਆਂ ਤਿਆਰੀਆਂ ਅਰੰਭ ਦਿੱਤੀਆਂ। ਮਿੱਲ ਮਾਲਕ ਮਿਸਟਰ ਟਰਿਥਵੂਈ ਨੇ ਮੁਫਤ ਲੰਬਰ ਦੇਣ ਦਾ ਵਾਅਦਾ ਕੀਤਾ।

1909 ਵਿੱਚ ਇਸ ਹੈਰੀਟੇਜ ਗੁਰਦੁਆਰੇ ਦਾ ਨੀਂਹ ਪੱਥਰ ਅਰਦਾਸ ਕਰਕੇ ਰੱਖਿਆ ਗਿਆ। ਇਹ ਨੀਂਹ ਪੱਥਰ ਉਦੋਂ ਦੇ ਇਲਾਕੇ ਦੇ ਧਨਾਢ ਬਿਜਨਿਸ ਮੈਨ ਭਾਈ ਬਲਵੰਤ ਸਿੰਘ ਅਤੇ ਭਾਈ ਰਾਮ ਸਿੰਘ ਕੋਲ਼ੋਂ ਰੱਖਾਇਆ ਗਿਆ। ਉਸ ਟਾਇਮ ਉਹਨਾਂ ਕੋਲ ਕੁੱਲ ਸੰਪਤੀ $185,000 ਦੀ ਸੀ। ਪੰਜਾਬੀਆ ☞










ਸਾਰਾ ਲੰਬਰ ਮਿੱਲ ਵਿੱਚੋਂ ਆਪਣੇ ਮੋਢਿਆਂ ਉੱਤੇ ਚੱਕ ਕੇ ਢੋਇਆ। ਤਕਰੀਬਨ ਦੋ ਸਾਲ ਦੀ ਸਖ਼ਤ ਘਾਲਣਾ ਘਾਲ ਕੇ, ਸੇਵਾ ਨੂੰ ਫ਼ਲ ਲੱਗਾ 1911 ਵਿੱਚ ਗੁਰਦੁਆਰਾ ਸਾਹਿਬ ਮੁਕੰਬਲ ਹੋ ਕੇ ਸਰਵਿਸ ਸ਼ੁਰੂ ਹੋਈ।ਫਰਵਰੀ 25/1912 ਨੂੰ ਗਰੈਂਡ ਓਪਨਿੰਗ ਹੋਈ। ਅਖਬਾਰ ਦੀ ਪਿਕਚਰ ਵਿੱਚ ਜਾਣਕਾਰੀ ਮਿਲਦੀ ਹੈ ਕਾਫੀ ਗੋਰੇ ਪ੍ਰੀਵਾਰ ਵੀ ਸ਼ਾਮਲ ਹੋਏ। ਰਸਮ ਇੰਗਲਿਸ਼ ਤੇ ਪੰਜਾਬੀ ਵਿੱਚ ਉਦੋਂ ਦੇ ਜ਼ਿਆਦਾ ਪੜੇ ਲਿਖੇ ਹੈੱਡ ਪ੍ਰੀਸ਼ਟ ਭਾਈ ਤੇਜਾ ਸਿੰਘ ਜੀ ਨੇ ਕੀਤੀ।

ਅਗਸਤ 22/1915 ਐਬਸਫੋਰਡ ਵਿਖੇ ਭਾਰੀ ਇੱਕਠ ਹੋਇਆ। ਦੀਵਾਨ ਦੀ ਸਮਾਪਤੀ ਉਪਰੰਤ ਸੱਤ ਮੈਂਬਰੀ ਕਮੇਟੀ ਦਾ ਸੰਗਠਨ ਹੋਇਆ। ਜਿਸ ਵਿੱਚ ਪ੍ਰਧਾਨ ਧਿਆਨ ਸਿੰਘ ਉਸ ਦਾ ਦੂਸਰਾ ਨਾਮ ਸੁੰਦਰ ਸਿੰਘ ਸੀ। ਮੀਤ ਪ੍ਰਧਾਨ ਬਿਸ਼ਨ ਸਿੰਘ, ਸੈਕਟਰੀ ਹਰੀ ਸਿੰਘ ਸਹਾਇਕ ਸੈਕਟਰੀ ਜੁਆਲਾ ਸਿੰਘ, ਖੰਜਾਨਚੀ ਜਗਤ ਸਿੰਘ, ਸਹਾਇਕ ਖੰਜਾਨਚੀ ਗੰਗਾ ਸਿੰਘ, ਮੈਂਬਰ ਖੇਮ ਸਿੰਘ ਸਨ। ਜਿੰਨਾਂ ਵਿੱਚੋਂ ਖੇਮ ਸਿੰਘ ਨੇ ਕੁਝ ਰੁਝੇਵੇਂ ਕਰਕੇ ਆਪ ਦਾ ਨਾਮ ਵਾਪਿਸ ਲੈ ਲਿਆ।ਨਵੰਬਰ 16/1918 ਨੂੰ ਗੁਰਦੁਆਰਾ ਸਾਹਿਬ ਦੇ ਸਾਹਮਣੇ 70 ਫੁੱਟ ਉੱਚਾ ਲੱਕੜ ਫ਼ਰ ਦਾ ਨਿਸ਼ਾਨ ਸਾਹਿਬ ਝੁਲਾਇਆ ਜਿਸ ਦੇ ਉਪਰ ਪੰਥ ਦਾ ਨਿਸ਼ਾਨ ਅਤੇ ਇਕ ਲਾਲ ਰੰਗ ਦੀ ਬੱਤੀ ਲਾਈ ਗਈ।ਇਹ ਲਾਲ ਬੱਤੀ ਰਾਤ ਸਮੇਂ ਅਮ੍ਰੀਕਾ ਬਾਰਡਰ ਲਾਈਨ ਤੋਂ ਦਿਸਦੀ ਸੀ। ਜੋ ਲੋਕ ਸਮੁੰਦਰੀ ਜਹਾਜ਼ਾਂ ਰਾਹੀਂ ਮੈਕਸੀਕੋ ਉਤਰਦੇ, ਤੁਰ ਕੇ ਸੂਮਸ ਬਾਰਡਰ ਵਲ ਨੂੰ ਆਉਂਦੇ ਸਨ। ਰਸਤੇ ਵਿਚ ਉਹਨਾਂ ਦੀਆਂ ਠਹਿਰਾਂ ਵੀ ਬਣਾਈਆਂ ਹੁੰਦੀਆਂ ਸਨ ਉਨਾ ਵਿੱਚੋਂ ਇੱਕ ਠਹਿਰ ਛੱਜੂ ਮੁਸਲਮਾਨ ਕੋਲ ਸੀ ਜਿਹੜਾ ਪੋਰਟ ਐਂਜੰਲਿਸ, ਜੋ ਵਿਕਟੋਰੀਆ ਤੋ, ਸਮੁੰਦਰ ਦੇ ਦੂਸਰੇ ਪਾਸੇ ਵਾਸ਼ਿੰਗਟਨ ਸਟੇਟ ਵਿੱਚ ਪੈਂਦਾ ਦਿਖਾਈ ਦਿੰਦਾ। ਇਹ ਛੱਜੂ ਕੁਆੜੀਆ ਸੀ, ਪੁਰਣਾ ਲੋਹਾ ਇਕੱਠਾ ਖ੍ਰੀਦਾ ਸੀ। ਨਿਸ਼ਾਨ ਸਾਹਿਬ ਦੀ ਰਾਤ ਨੂੰ ਲਾਲ ਬੱਤੀ ਜਗਦੀ ਤਾਂ ਪੰਜਾਬੀ ਕੰਡਿਆਲ਼ੀਆ ਝਾੜੀਆਂ ਸਰ ਕਰਦੇ ਨਿਧੱੜਕ ਗੁਰੂ ਘਰ ਪਹੁੰਚ ਜਾਂਦੇ। ਜੇ ਲਾਲ ਬੱਤੀ ਨਹੀਂ ਜਗਦੀ ਤਾਂ ਮਤਲਵ ਖ਼ਤਰਾ, ਕੋਈ ਛਾਪਾ ਪਿਆ ਜਾਂ ਬਾਹਰ ਪੁਲੀਸ ਪੈਟਰੋਲ ਕਰ ਰਹੀ ਹੈ।

ਇਸ ਨਿਸ਼ਾਨ ਸਾਹਿਬ ਨੂੰ ਪੂਰੇ ਚਾਲ਼ੀ ਸਾਲਾਂ ਬਾਆਦ 1957 ਵਿੱਚ ਕੱਟਣਾ ਪਿਆ, ਪਰ ਉਸ ਦੇ ਮੁੱਢ ਦੇ ਦਰਸ਼ਨ ਤੁਸੀ ਹੁਣ ਵੀ ਕਰ ਸਕਦੇ ਹੋ, ਜੋ ਸੀਲ ਬੰਦ ਸ਼ੀਸ਼ੇ ਵਿਚ ਸੁਰੱਖਿਅਤ ਹਨ। ਇਸ ਨੂੰ ਕੱਟਵਾਉਣ ਦੇ ਦੋ ਕਾਰਣ ਸਨ ਇਕ ਤਾਂ ਸੂਬੇ ਦਾ ਕੰਨੂਨ ਹੈ ਜਿਸ ਲੱਕੜ ਦੇ ਪੋਲ ਦੀ ਉਮਰ ਚਾਲੀ ਸਾਲ ਹੋ ਗਈ ਹੋਵੇ ਭਾਵੇਂ ਕਿੰਨਾ ਹੀ ਚੰਗਾ ਕਿਉ ਨਾਂ ਪਿਆ ਹੋਵੇ, ਬਦਲਣਾਂ ਅਵੱਸ਼ ਹੈ, ਦੂਸਰਾ ਇਹ ਸੜਕ ਦੇ ਨੇੜ ਪੈਂਦਾ ਕਰਕੇ ਪਬਲਿਕ ਸੇਫਟੀ ਦਾ ਇਸ਼ੂ ਸੀ। ਫਿਰ ਇਸ ਦੇ ਨਾਲ ਹੀ 25 ਫੁੱਟ ਸਟੀਲ ਦਾ ਨਿਸ਼ਾਨ ਸਾਹਿਬ ਝੁਲਾਇਆ ਗਿਆ ਜੋ 1997 ਵਿੱਚ ਉਤਾਰ ਕੇ ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਨੂੰ ਭੇਟ ਕੀਤਾ ਗਿਆ। ਇਸ ਦਾ ਮੁੱਢ ਵੀ ਵੇਖ ਸਕਦੇ ਹੋ। ਸਾਲ 1997 ਵਿੱਚ 101 ਫੁੱਟ ਉੱਚਾ ਨਿਸ਼ਾਨ ਸਾਹਿਬ ਝੁਲਾਇਆ ਗਿਆ।

ਮੁੜ ਕੇ ਆਪਾਂ ਹੈਰੀਟੇਜ ਗੁਰਦੁਆਰੇ ਇਤਿਹਾਸ ਨਾਲ ਜੁੜੀਏ। ਏਥੇ ਇਕ ਏਕੜ ਜ਼ਮੀਨ ਖ੍ਰੀਦੀ. ਗੁਰੂ ਘਰ ਬਣ ਗਿਆ, ਸਾਰੀਆ ਧਾਰਮਿਕ ਤੇ ਪੁਲੀਟੀਕਲ ਸਰਵਿਸਾਂ ਚਾਲੂ ਹੋ ਗਈਆਂ, ਪ੍ਰੰਤੂ ਜ਼ਮੀਨ ਦੀ ਰਜਿਸਟਰੀ ਨਾਂ ਹੋਈ। ਉਸ ਦੇ ਕਾਰਣ ਬੱਤੀ ਏਕੜ ਜ਼ਮੀਨ ਦਾ ਇੱਕ ਪਾਰਸਲ ਸੀ ਪਹਿਲਾ ਸਬ ਡੀਵਾਈਡ ਹੋਣੀ ਜ਼ਰੂਰੀ ਸੀ, ਜੋ ਨਾਂ ਹੋਈ। ਪਰ ਵੇਚਣ ਵਾਲੇ ਵੀ ਸਹਿਮਤ ਸਨ ਖ੍ਰੀਦਣ ਵਾਲੇ ਸਿੱਖ ਤਾਂ ਸਹਿਮਤ ਹੋਣੇ ਹੀ ਸਨ। ਦੋਨੋਂ ਪਾਸਿਆਂ ਦੇ ਵਕੀਲਾਂ ਦਾ ਖਤੋ ਖ਼ਿਤਾਬ ਹੁੰਦਾ ਰਿਹਾ ਜਿਸ ਦੇ ਸਬੂਤ ਪੁਰਾਣੇ ਕੋਰਟ ਦੇ ਪੇਪਰਾਂ ਵਿੱਚੋਂ ਮਿਲਦੇ ਹਨ। ਅਗਸਤ 28/1914 ਨੂੰ ਇੱਕ ਪਾਰਟੀ ਦੇ ਵਕੀਲ ਦੀ ਚਿੱਠੀ ਦਾ ਜਵਾਬ ਅਗਸਤ 31/1914 ਦੂਸਰੀ ਪਾਰਟੀ ਨੇ ਦਿੱਤਾ। ਦਸੰਬਰ 30/1927 ਨੂੰ ਸਿੰਖਾ ਦੇ ਵਕੀਲ ਨੇ ਕੇਸ ਸੁਪਰੀਮ ਕੋਰਟ ਵਿੱਚ ਲਾਇਆ ਕਿ ਜ਼ਮੀਨ ਸਾਡੇ ਨਾਮ ਚੜੇ। ਜਨਵਰੀ 10/1928 ਨੂੰ ਸੁਪਰੀਮ ਕੋਰਟ ਜੱਜ ਨੇ ਪੇਪਰਾਂ ਦੀ ਛਾਣਬੀਣ ਕੀਤੀ। ਜੱਜ ਦਾ ਕਹਿਣਾ ਸੀ ਕਿ ਕੋਈ ਤੁਹਾਡੀ ਸੁਸਾਇਟੀ ਬੀ ਸੀ ਸੁਸਾਇਟੀ ਥੱਲੇ ਰਜਿਸਟਰਡ ਹੈ ਤਾਂ ਨਾਮ ਦਿਓ। ਉਦੋਂ ਇਕਲੀ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਹੀ ਸੀ ਉਸ ਦਾ ਨਾਮ ਦਿੱਤਾ ਗਿਆ। ਫਰਵਰੀ 03/1928 ਨੂੰ ਜ਼ਮੀਨ ਇਕ ਏਕੜ ਉਨਾਂ ਦੇ ਨਾਮ ਚੜ ਗਈ। ਮਾਰਚ 15/1928 ਨੂੰ ਜ਼ਮੀਨ ਦਾ ਟਾਈਟਲ ਸਾਰਟੀਫੀਕੇਟ ਜਾਰੀ ਹੋਇਆ। ਜੋ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨੂੰ ਮਿਲਿਆ, ਜੋ ਗੁਆ ਦਿੱਤਾ ਗਿਆ ਜਾਂ ਨਾਂ ਦੇਣ ਦੇ ਮਾਰਿਆਂ ਪਾਸੇ ਕਰ ਦਿੱਤਾ। ਬੱਸ ਇੱਥੋਂ ਹੀ ਐਬਸਫੋਰਡ ਗੁਰੂ ਘਰ, ਵੈਨਕੂਵਰ ਗੁਰੂ ਘਰ ਦੀ ਇੱਕ ਬਰਾਂਚ ਬਣ ਕੇ ਰਹਿ ਗਿਆ। ਇੱਥੋਂ ਹੀ ਐਬਸਫੋਰਡ ਵਾਸੀਆਂ ਨੇ ਆਪਣੀ ਖੁਦਮੁਖਤਿਆਰੀ ਵਾਸਤੇ ਟਾਈਟਲ ਲੈਣ ਦਾ ਸੰਘਰਸ਼ ਸ਼ੁਰੂ ਕੀਤਾ ਜੋ 68 ਸਾਲ ਚੱਲਿਆ। ਪੁਰਾਣੇ ਪੇਪਰਾਂ ਵਿੱਚ ਜਿੱਕਰ ਆਉਂਦਾ ਐਬਸਫੋਰਡੀਏ ਦੀ ਸੰਗਤ ਹਰੇਕ ਐਤਵਾਰ ਇੱਕਠੇ ਹੋ ਕੇ ਵੈਨਕੂਵਰ ਸੁਸਾਇਟੀ ਕੋਲ ਜਾਂਦੇ, ਉਹ ਚੰਗੀ ਚਾਹ ਪਾਣੀ ਛਕਾਕੇ ਮੋੜ ਦਿੰਦੇ। ਕਦੇ ਤੱਲਖੀ ਵਿੱਚ ਕਦੇ ਸਹਿਮਤੀ ਵਿੱਚ ਮੀਟਿੰਗਾਂ ਚਲਦੀਆ ਰਹੀਆ। ਇਕ ਐਤਵਾਰ ਦੋਨੋ ਪਾਸਿਆਂ ਤੋਂ ਸੜਕ ਉੱਤੇ ਤਣਾਅ ਵੱਧ ਗਿਆ। ਆਹਮੋ ਸਾਹਮਣੇ ਟੱਕਰਾਅ ਵਾਲਾ ਵੀ ਮਾਹੌਲ ਸੀ। ਇਕ ਗਰੁੱਪ ਸੜਕ ਦੇ ਇੱਕ ਪਾਸੇ, ਅਤੇ ਦੂਸਰਾ ਦੂਜੇ ਪਾਸੇ, ਸੜਕ ਵਿਚਕਾਰ ਸਮੱਧਰ ਜਿਹੇ ਕੱਦ ਦਾ ਮੁਖਤਿਆਰ ਸਿੰਘ ਸਹਿਣਾ (ਸੁਰੈਣ ਸਿੰਘ ਢੀਡਸਾ) ਛੇ ਫੁੱਟੀ ਕਿਰਪਾਨ ਲੈਕੇ ਘੁੰਮ ਰਿਹਾ ਸੀ। ਐਬਸਫੋਰਡ ਤੋਂ ਮੋਤਾ ਸਿੰਘ ਗਰੇਵਾਲ ਬੜੇ ਵੱਡੇ ਜੱਥੇ ਨੂੰ ਨਾਲ ਲੈਕੇ ਪਹੁੰਚੇ ਹੋਏ ਸਨ। ਹਰੇਕ ਵੀਕਇੰਡ ਤੇ ਮਾਹੌਲ ਤਣਾਅ ਵਾਲਾ ਹੁੰਦਾ।

ਕੁਝ ਮੀਟਿੰਗਾ ਦੇ ਵੇਰਵੇ ਅਪ੍ਰੈਲ 19/1967 ਨੂੰ ਸਾਹਮਣੇ ਨਵਾਂ ਗੁਰਦੁਆਰਾ ਬਨਾਉਣ ਦੀ ਗੱਲ ਚੱਲੀ,ਮਾਰਚ 31/1968 ਨੂੰ ਟਾਈਟਲ ਲੈਣ ਬਾਰੇ ਮੀਟਿੰਗ ਹੋਈ, ਨਵੰਬਰ 24/1971 ਨੂੰ ਵੈਨਕੂਵਰ ਟਾਈਟਲ ਲੈਣ ਗਏ ਚਾਹ ਪਿਆ ਕੇ ਮੋੜ ਦਿੱਤੇ, ਦਸੰਬਰ 07/1971 ਫੇਰ ਵੈਨਕੂਵਰ ਗਏ, ਫਰਵਰੀ 13 ਅਤੇ ਮਾਰਚ 05/1972 ਨੂੰ ਦੋਨਾਂ ਕਮੇਟੀਆਂ ਦੀਆਂ ਮੀਟਿੰਗਾਂ ਟਾਈਟਲ ਬਾਰੇ ਹੋਈਆਂ।ਉਧਰ ਵੈਨਕੋਵਰੀਏ ਵੀ ਦੋ ਥੜਿਆ ਵਿੱਚ ਵੰਡੇ ਗਏ ਇਲੈਕਸ਼ਨ ਨੇੜੇ ਆ ਰਹੀ ਸੀ। ਮੋਤਾ ਸਿੰਘ ਗਰੇਵਾਲ ਸੁਰਜੀਤ ਸਿੰਘ ਗਿੱਲ ਸਿੰਘਪੁਰੀਏ ਦੀ ਮਦਦ ਕਰਦੇ ਸਨ। ਕਲਾਕਾਰ ਕਰਮਜੀਤ ਗਰੇਵਾਲ ਦੀ ਸ਼ਪਾਰਸ਼ ਤੇ ਪ੍ਰਧਾਨ ਮੋਤਾ ਸਿੰਘ ਗਰੇਵਾਲ ਨੇ ਜਿਵੇਂ ਗੁਰਦੇਵ ਸਿੰਘ ਮਸਤਾਨਾ ਬੁਲਾਇਆ ਸੀ ਇਵੇਂ ਦੂਸਰਾ ਹੋਰ ਵੀ ਇੱਕ ਕਲਾਕਾਰ ਮੰਗਾਇਆ ਸੀ ਉਸ ਦਾ ਨਾਮ ਲਿਖਣਾ ਉਚਿਤ ਨਹੀਂ ਹੈ। ਉਹ ਸੱਦਿਆ ਐਬਸਫੋਰਡ ਵਾਲਿਆਂ ਪਰ ਮਦਦ ਉਲਟ ਧੱੜੇ ਵੈਨਕੂਵਰ ਦੀ ਕਰਦਾ ਸੀ, ਪਾਰਕਿੰਗ ਲਾਟ ਵਿਚ ਅੜਿੱਕੇ ਆ ਗਿਆ ਚੰਗੀ ਮੁਰੰਮਤ ਹੋ ਗਈ ਪੁਲੀਸ ਆਈ ਮੋਤਾ ਸਿੰਘ ਗਰੇਵਾਲ, ਗੁਰਦੀਪ ਸਿੰਘ ਸਿੰਘਪੁਰੀ, ਸੋਹਣ ਸੁਰਿੰਦਰ ਸਿੰਘ ਸੰਘਾ ਪੁਲੀਸ ਨੇ ਰਿਸਟ ਕਰਕੇ ਅੰਦਰ ਡੱਕ ਦਿੱਤੇ, ਐਤਵਾਰ ਕਰਕੇ ਜ਼ਮਾਨਤ ਨਾਂ ਹੋਈ, ਤਿੰਨਾਂ ਦੀ ਰਾਤ ਹਵਾਲਾਤ ਲੰਘੀ। ਮੋਤਾ ਸਿੰਘ ਨੇ ਕਿਹਾ "ਹੁਣ ਤਾਂ ਤੁਹਾਡੇ ਕਰਕੇ ਜੇਲ ਵੀ ਵੇਖ ਲਈ, ਸਾਨੂੰ ਟਾਈਟਲ ਤਾਂ ਦੇ ਦਿਓ" ਗੁਰਦੀਪ ਤੇ ਸੋਹਣ ਵਾਇਦਾ ਕੀਤਾ। ਇਲੈਕਸ਼ਨ ਹੋਈ ਸੁਰਜੀਤ ਸਿੰਘ ਸਿੰਘਪੁਰੀ ਜਿੱਤ ਗਿਆ। ਉਸ ਦੇ ਦਸਖੱਤਾਂ ਹੇਠ ਟਾਈਟਲ ਐਬਸਫੋਰਡ ਨੂੰ ਮਿਲ ਗਿਆ। ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਦਾ ਆਪਦਾ ਵਿਧਾਨ ਜੁਲਾਈ 07/1977 ਨੂੰ ਰਜਿਸਟਰਡ ਹੋਇਆ। ਪੂਰੇ 68 ਸਾਲਾਂ ਜਦੋਜਹਿਦ ਪਿੱਛੋਂ ਖੁਦ ਮੁਖਤਿਆਰੀ ਮਿਲੀ।

ਅਪ੍ਰੈਲ 1983 ਨੂੰ ਨਵੇਂ ਗੁਰਦੁਆਰਾ ਸਾਹਿਬ ਦਾ ਉਦਘਾਟਨ ਹੋਇਆ ਅਤੇ ਪਹਿਲਾ ਨਗਰ ਕੀਰਤਨ ਹੋਇਆ ਰੂਟ ਗੁਰੂ ਘਰ ਤੋਂ ਸਾਊਥ ਫਰੇਜ਼ਰ ਵੇਅ ਗਲੈਡਵਿਨ ਖੱਬੇ, ਪੀਅਰਡਾਨਵਿਲ ਜਾਕੇ ਕਲੀਅਰਬੁਕ ਸੱਜੇ, ਸਾਊਥ ਫਰੇਜਰ ਵੇਅ ਸੱਜੇ ਤੇ ਵਾਪਸੀ ਕੁਰੂ ਘਰ।ਸਾਲ 2000 ਵਿੱਚ ਹੈਰੀਟੇਜ ਮਨਿਸਟਰ ਸ਼ੀਲਾ ਕੌਪਸ਼ (ਜਿਹੜੀ ਕੌਰ ਕਹਿਣ ਵਿਚ ਫ਼ਖਰ ਮਹਿਸੂਸ ਕਰਦੀ ਸੀ) ਨੇ ਗੁਰਦੁਆਰੇ ਦੇ ਦਰਸ਼ਨ ਕੀਤੇ। ਬਹੁਤ ਦਿਲਚਸਪੀ ਵਿਖਾਈ। ਜੁਲਾਈ 31/2002 ਵਿੱਚ ਪਰਾਈਮ ਮਨਿਸਟਰ ਜੀਅਨ ਕਰਿਸ਼ਏਨ ਤੇ ਹੈਰੀਟੇਜ ਮਨਿਸਟਰ ਸ਼ੀਲਾ ਕੌਪਸ ਨੇ ਗੁਰਦੁਆਰੇ ਪਹੁੰਚ ਕੇ, ਹੈਰੀਟੇਜ ਸਿੱਖ ਟੈਂਪਲ ਘੋਸ਼ਿਤ ਕੀਤਾ। ਪਾਕਿਸਤਾਨ ਨੂੰ ਛੱਡ ਕੇ ਦੁਨੀਆ ਦਾ ਇਕੋ ਇਕ ਇਹ ਗੁਰਦੁਆਰਾ ਹੈ ਇਸ ਦੀ ਪਵਿੱਤਰ ਜਗਾਹ ਤੇ ਨਾਮ ਨੂੰ ਹਮੇਸ਼ਾ ਸ਼ਰਦਾ ਤੇ ਸਤਿਕਾਰ ਭਾਵਨਾ ਹੋਣ ਨਾਲ ਸਿਰ ਝੁਕਦਾ ਹੈ। ਕਿਉਂਕਿ ਇਹ ਸਾਡੇ ਪੁਰਖਿਆਂ ਦੀ ਨਿਸ਼ਾਨੀ ਹੈ। ਫੈਡਰਲ ਸਰਕਾਰ ਗਰਾਂਟ $560,000, ਅਤੇ ਅਪ੍ਰੈਲ 28/2011 ਨੂੰ ਨਾਲ ਪ੍ਰੋਵੈਨਸ਼ਲ ਤੇ ਮਿਉਸਿਪਲ ਸਰਕਾਰਾਂ ਵੱਲੋਂ ਵੀ ਗਰਾਟਾਂ ਆਈਆ।ਅੱਜ ਕੱਲ ਹੈਰੀਟੇਜ ਗੁਰਦੁਆਰਾ ਐਬਸਫੋਰਡ ਦੀ ਜਿੱਥੇ ਪੰਜਾਬੀ ਭਾਈਚਾਰੇ ਦੀ ਸ਼ਾਨ ਹੈ। ਐਬਸਫੋਰਡ ਦੀ ਮੁੱਖ ਟੂਰਿਸਟ ਸਾਈਟ ਹੈ। ਇਹ ਪ੍ਰਮੁਖ ਜਗਾ, ਪ੍ਰਬੰਧਕਾਂ ਦਾ ਖਾਸ ਧਿਆਨ ਮੰਗਦੀ ਹੈ॥ ਇਸ ਵੱਲ ਹੋਰ ਤਵੱਜੋ ਦੇਣ ਦੀ ਲੋੜ ਹੈ। ਖਾਸ ਕਰਕੇ ਮਿਊਜਿੰਮ ਵੱਲ , ਬਾਹਰਲੀਆਂ ਕੰਟਰੀਆ ਵਿਚੋਂ ਸਰਧਾਲੂ ਅਤੇ ਸਕੂਲਾਂ ਯੂਨੀਵਰਸਿਟੀਆਂ ਦੇ ਬੱਚਿਆਂ ਦੀਆਂ ਕਲਾਸਾਂ ਵਿਜਿੱਟ ਕਰ ਰਹੀਆਂ ਪਰ ਜ਼ਿਆਦਾ ਜਾਣਕਾਰੀ ਨਹੀਂ ਮਿਲ ਰਹੀ। ਜਿਸ ਦੀ ਖਾਸ ਲੋੜ ਹੈ।



**ਗੁਰਦੇਵ ਸਿੰਘ ਆਲਮਵਾਲਾ**
**ਫੋਨ 778 552 3625**


**AujLawZ** **Tax & Accounting Services**
• Reliable • Professional • Confidential
(we provide first couple of month's service free)

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance

*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

**Courses Started**
*Income Tax Preparation *Personal&Small business *Accounting Certificate *Pesticide Applicator * LLQP for Life Insurance Career

Contact: Gurbachan Aujla
**604-504-1657, 604-835-3693**
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323



# T&S Transportation
## Hiring Owner Operators & Drivers



**ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।**
**ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ**
**ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ**
**ਹੋਰ ਜਾਣਕਾਰੀ ਲਈ ਫੋਨ ਕਰੋ**
**604-607-0333**



A TO Z DRIVING SCHOOL
# ਲਰਨਿੰਗ ਲਾਇਸੈਂਸ
**ਕਾਰ, ਟਰੱਕ/ ਮੋਟਰਸਾਈਕਲ ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ**

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








**ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ**

**WE DO:**
*CITIZENSHIP CLASSES
*NATIONAL SAFETY CODE (NSC) CLASSES

**A to Z DRIVING SCHOOL**
Lucky: **604-614-5365**
Unit 15 - 8388 128 St., Surrey

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

Gurdwara Singh Sabha of Washington

# ਵੈਸਾਖੀ ਨਗਰ ਕੀਰਤਨ

# Vaisakhi Nagar Kirtan

## ਸਨਿੱਛਰਵਾਰ, ਮਈ ੨੭, ੨੦੨੩

## Saturday, May 27, 2023

ShoWare Center, 625 W James St, Kent, WA







**Katha**
Giani Darshan Singh
Bhai Hardeep Singh

**Kirtan**
Bhai Jarnail Singh & Jatha
Bhai Waryam Singh & Jatha

**Dhadi**
Bhai Lakhwinder Singh Sohal

**Divaan**
8:00am to 2:00pm

**Parade**
2:00pm to 4:30pm

For more information, contact:
Gurdwara Singh Sabha of Renton
5200 Talbot Road South
Renton, WA 98055
(425) 226-2277
(206) 898-6775

# Furniture Land

Furnishing Your Home For Less

# VISAKHI SALE

Store Hours
Mon-Sun 10am. to 6pm.

**2 Locations**

**SURREY**
13581 77th Avenue,
Surrey, BC V3W 6Y2
PH:(604) 591-9595
info@furnitureland.ca

**RICHMOND**
12180 Bridgeport Road,
Richmond, BC V6V 1J3
PH: (604) 278-9595
richmond@furnitureland.ca















# ਸਰੀ ਦੀ 'ਖਾਲਸਾ ਡੇਅ ਪਰੇਡ' ਖਾਲਿਸਤਾਨ ਦੀ
# ਕਰੀਬ 7 ਲੱਖ ਦੀ ਸ਼ਮੂਲੀਅਤ ਦੇ ਅੰਦਾਜੇ, ਗੋਰਿਆਂ ਸਮੇ



# ਪ੍ਰਾਪਤੀ ਦੇ ਜਜ਼ਬੇ ਤੇ ਉਤਸ਼ਾਹ ਨਾਲ ਸਮਾਪਤ

# ਤ ਹੋਰਨਾਂ ਭਾਈਚਾਰਿਆਂ ਨੇ ਲਗਵਾਈ ਭਰਵੀਂ ਹਾਜ਼ਰੀ






ਸਰੀ:ਸਰੀ ਦੀ ਖਾਲਸਾ ਡੇ ਪ੍ਰੇਡ ਭਾਰਤ ਤੋਂ ਬਾਹਰ ਸਿੱਖ ਪੰਥ ਵਿੱਚ ਵਿਸ਼ੇਸ ਸਥਾਨ ਰੱਖਦੀ ਹੈ। 22 ਅਪ੍ਰੈਲ 2023 ਦਾ ਦਿਨ ਸ਼ਨੀਵਾਰ ਇਤਿਹਾਸਕ ਹੋ ਨਿਬਿੜਿਆਂ ਜਦੋ ਇਸ ਸਾਲ ਨਗਰ ਕੀਰਤਨ ਵਿੱਚ 7 ਲੱਖ ਤੋਂ ਵੱਧ ਸਿੱਖ ਸੰਗਤਾਂ ਸ਼ਾਮਲ ਹੋਈਆਂ।ਇਸ ਸਾਲ ਦੀ ਪ੍ਰੇਡ ਸਿੱਖ ਸੰਘਰਸ਼ ਦੇ ਸਮੂੰਹ ਸ਼ਹੀਦਾ ਨੂੰ ਸਮਰਪਿਤ ਸੀ ਅਤੇ ਸਿੱਖ ਨੌਜਵਾਨਾ ਦੇ ਹੱਥਾਂ ਵਿੱਚ ਖਾਲਿਸਤਾਨ ਦੇ ਝੰਡੇ ਬਹੁਤ ਜ਼ਿਆਦਾ ਸਨ।। ਮੁੱਖ ਸਟੇਜ ਤੋਂ ਡਾ. ਅਮਰਜੀਤ ਸਿੰਘ ਖਾਲਿਸਤਾਨ ਅਫੇਅਰਜ਼ ਸੈਂਟਰ ,ਟੀ.ਵੀ 84 ਤੋਂ ਇਲਾਵਾ ਸਿੱਖ ਫਾਰ ਜਸਟਿਸ ਦੇ ਬੁਲਾਰੇ ਸ਼ਾਮਲ ਹੋਏ।ਪੰਥਕ ਕਮੇਟੀ ਮੈਂਬਰ ਜਥੇਦਾਰ ਸਤਿੰਦਰਪਾਲ ਸਿੰਘ,ਗੁਰੂ ਨਾਨਾਕ ਸਿੱਖ ਗੁਰਦਵਾਰਾ ਸਰੀ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਨਿੱਝਰ ਵੀ ਬੁਲਾਰਿਆਂ ਵਿੱਚ ਸ਼ਾਮਲ ਸਨ।ਸ਼ਹਿਰ ਸਰੀ ਦੀ ਇਹ "ਖਾਲਸਾ ਡੇ ਪਰੇਡ" ਖਾਲਿਸਤਾਨ ਦੇ ਰੰਗ ਵਿੱਚ ਰੰਗੀ ਪੰਜਾਬੀਆਂ ਦੇ ਜੋਸ਼, ਜ਼ਜਬੇ ਅਤੇ ਉਤਸ਼ਾਹ ਨਾਲ਼ ਸਮਾਪਤ ਹੋਈ।ਗੁਰਦਵਾਰਾ ਸਾਹਿਬ ਦਸ਼ਮੇਸ਼ ਦਰਬਾਰ ਵਿਖੇ ਸਵੇਰੇ 8 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬੀੜ ਨੂੰ ਪਾਲਕੀ ਵਿੱਚ ਲਿਆਂਦਾ ਗਿਆ। ਅਰਦਾਸ ਕਰਨ ਉਪਰੰਤ ਕੈਨੇਡਾ ਦੇ ਮੂਲ ਨਿਵਾਸੀ ਭਾਈਚਾਰੇ ਦੇ ਆਗੂਆਂ ਦੇ ਸੰਬੋਧਨ ਕੀਤਾ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ।

ਨਗਰ ਕੀਰਤਨ ਦੌਰਾਨ ਪੰਜਾਬ ਦੀ ਇੱਕੋ ਇੱਕ ਸਿਆਸੀ ਧਿਰ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਬੈਨਰ ਹੇਠ ਹੀ ਸਟੇਜ਼ ਸਜਾਈ ਗਈ। ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਨੌਜਵਾਨ ਖਾਲਿਸਤਾਨ ਦੇ ਨਿਸ਼ਾਨ ਸਾਹਿਬ ਲਹਿਰਾਉਂਦੇ ਦਿਖਾਈ ਦਿੱਤੇ। ਇਸ ਦੌਰਾਨ ਲਗਾਈਆਂ ਗਈਆਂ ਕਈ ਵੱਡੀਆਂ ਸਟੇਜ਼ਾਂ ਤੋਂ ਸਿੱਖ ਕੌਮ ਦੀ ਅਜ਼ਾਦੀ ਅਤੇ ਮੌਜੂਦਾ ਸੰਘਰਸ਼ ਬਾਰੇ ਤਕਰੀਰਾਂ ਹੋਈਆਂ। ਢਾਡੀ ਤੇ ਕਵੀਸ਼ਰੀ ਜੱਥਿਆਂ ਵਲੋਂ 18 ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦੀ ਅਗਵਾਈ ਹੇਠ ਲੜੇ ਗਏ ਸੰਘਰਸ਼ ਦਾ ਇਤਿਹਾਸ ਸੁਣਾਇਆ। ਬਹੁਤੀਆਂ ਸਟੇਜ਼ਾਂ ਤੇ ਸਿੱਖ ਸੰਘਰਸ਼ ਦੇ ਸ਼ਹੀਦਾਂ, ਜੇਲਾਂ ਵਿੱਚ ਬੰਦ ਬੰਦੀ ਸਿੰਘਾਂ ਸਮੇਤ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀਆਂ ਤਸਵੀਰਾਂ ਵਾਲੇ ਵੱਡੇ ਹੋਰਡਿੰਗਜ਼ ਲਗਾ ਕੇ ਸਰਕਾਰਾਂ ਖਿਲਾਫ ਰੋਸ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਸੀ। ਸਿੱਖ ਮੋਟਰਸਾਈਕਲ ਕਲੱਬ ਵਲੋਂ ਲਗਾਈ ਗਈ ਵਿਸ਼ੇਸ਼ ਸਟੇਜ਼ ਵੀ,ਖਿੱਚ ਦਾ ਕੇਂਦਰ ਰਹੀ।ਨਗਰ ਕੀਰਤਨ ਦੌਰਾਨ ਇਹ ਵੀ ਇੱਕ ਖਾਸ ਵਰਤਾਰਾ ਦੇਖਣ ਨੂੰ ਮਿਲ਼ਿਆ ਕਿ ਪ੍ਰਬੰਧਕਾਂ ਦੀ ਅਪੀਲ ਤੇ ਬਹੁਤੇ ਸਿੱਖ ਨੌਜਵਾਨ ਕੇਸਰੀ ਦਸਤਾਰਾਂ ਅਤੇ ਔਰਤਾਂ ਕੇਸਰੀ ਦੁਪੱਟੇ ਲੈ ਕੇ ਨਗਰ ਕੀਰਤਨ ਦੌਰਾਨ ਸੰਗਤੀ ਰੂਪ ਸ਼ਾਮਿਲ ਹੋਏ। ਸਮੁੱਚੇ ਨਗਰ ਕੀਰਤਨ ਵਿੱਚ ਨੌਜਵਾਨਾਂ ਦਾ ਜੋਸ਼ ਤੇ ਉਤਸ਼ਾਹ ਦੇਖਿਆਂ ਹੀ ਬਣਦਾ ਸੀ। ਸਰੀ ਦੇ ਵੱਖ ਵੱਖ ਸਿੱਖ ਸਕੂਲਾਂ ਦੇ ਬੱਚੇ ਬੱਚੀਆਂ ਸੁੰਦਰ ਵਰਦੀਆਂ ਵਿੱਚ ਗੁਰਬਾਣੀ ਕੀਰਤਨ ਕਰਦੇ ਹੋਏ ਨਗਰ ਕੀਰਤਨ ਦੀ ਸ਼ੋਭਾ ਵਧਾ ਰਹੇ ਸਨ।ਇਸ ਤੋਂ ਬਿਨ੍ਹਾਂ ਬੱਚਿਆਂ ਦੀਆਂ ਗੱਤਕਾ ਟੀਮਾਂ ਦੇ ਗੱਤਕੇ ਦੇ ਜੌਹਰ ਵੀ ਸੰਗਤਾਂ ਦੀ ਵੱਡੀ ਖਿੱਚ ਦਾ ਕੇਂਦਰ ਰਹੇ।ਸਿੱਖ ਕੌਮ ਆਪਣੀ ਕੌਮੀਅਤ ਜਾਂ ਪੰਜਾਬ, ਪੰਜਾਬੀਅਤ ਨਾਲ ਹੋ ਰਹੇ ਅਨਿਆ ਨੂੰ ਲੈ ਕੇ ਜਾਗਰੂਕ ਹਨ।ਆਪਣੇ ਧਰਮ, ਖਾਲਸਾਈ ਰਹੁ ਰੀਤਾਂ, ਮਾਂ ਬੋਲੀ, ਸੱਭਿਆਚਾਰ ਅਤੇ ਨੈਤਿਕ ਕਦਰਾਂ ਕੀਮਤਾਂ ਨਾਲ ਜੁੜਨਾ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

ਗੁਰਦਵਾਰਾ ਸਾਹਿਬ ਦਸ਼ਮੇਸ਼ ਦਰਬਾਰ ਦੀ ਸਮੁੱਚੀ ਪ੍ਰਬੰਧਕੀ ਟੀਮ ਵਧਾਈ ਦੀ ਪਾਤਰ ਹੈ ਜਿਨ੍ਹਾਂ ਨੇ ਐਨੀ ਵੱਡੀ ਵਿਸ਼ਾਲ ਪ੍ਰੇਡ ਦਾ ਅਯੋਜਨ ਕੀਤਾ ਅਤੇ ਵਾਹਿਗੁਰੂ ਦੀ ਮਿਹਰ ਸਦਨਾ ਨਿਰਵਿਘਨ ਸਮਾਪਤ ਹੋਈ।ਇਸ ਸਮੇਂ ਆਈਆਂ ਸੰਗਤਾਂ ਅਤੇ ਸਾਰੇ ਸੇਵਾਦਾਰਾਂ ਦਾ ਗੁਰਦਵਾਰਾ ਸਾਹਿਬ ਦਸ਼ਮੇਸ਼ ਦਰਬਾਰ ਦੀ ਕਮੇਟੀ ਦੇ ਮੁੱਖ ਸੇਵਾਦਾਰ ਗੁਰਦੀਪ ਸਿੰਘ ਸਮਰਾ,ਸੈਕਟਰੀ ਜਸਬੀਰ ਸਿੰਘ ਅਤੇ ਖਜ਼ਾਨਚੀ ਅਮਰੀਕ ਸਿੰਘ ਸਹੋਤਾ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।



**ਪੰਧੇਰ ਗੁਰਸੇਵ ਸਿੰਘ**




**7050 120 Street, Surrey, British Columbia V3W 3M8, Tel: (604) 598-1300 Fax: (604) 594-1669**

# ਇਸ ਹਫਤੇ ਦੇ ਪ੍ਰੋਗਰਾਮ

### 28 ਅਪ੍ਰੈਲ ਦਿਨ ਸ਼ੁੱਕਰਵਾਰ

*10 ਵਜੇ ਅਰੰਭ 6 ਸ੍ਰੀ ਅਖੰਡਪਾਠ ਸਾਹਿਬ
1. ਭਾਈ ਰੂਪ ਚੰਦ ਦੇ ਜਨਮ ਦਿਹਾੜੇ ਨੂੰ ਸਮਰਪਿਤ ਪਰਿਵਾਰ ਭਾਈ ਰੇਸ਼ਮ ਸਿੰਘ ਵੱਲੋਂ 2. ਪਿੰਡ ਬਿਧੀਪੁਰ ਦੀ ਸੰਗਤ ਵੱਲੋਂ
3. ਸਰਦਾਰ ਮੇਜਰ ਸਿੰਘ ਖੋਸਾ ਵੱਲੋਂ 4. ਜਸਵਿੰਦਰ ਸਿੰਘ ਬਰਾੜ ਵੱਲੋਂ 5. ਗ਼ਮਨਵੀਰ ਸਿੰਘ ਵੱਲੋਂ
6. ਸਰੂਪ ਕੌਰ ਸੰਧਰ ਪਰਿਵਾਰ ਵਲੋਂ
*ਦਾਹ ਸਸਕਾਰ ਸਲਵੰਤ ਕੌਰ ਨੰਦਾ ਰਿਵਰਸਾਈਡ ਵਿਖੇ 2 ਵਜੇ ਹੋਵੇਗਾ ਉਪਰੰਤ 3.30 ਵਜੇ ਗੁਰਦੁਆਰਾ ਸਾਹਿਬ ਵਿਖੇ ਭੋਗ ਸ੍ਰੀ ਸਹਿਜਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਸ਼ਾਮ 4 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਪਰਿਵਾਰ ਪਰਮਪਾਲ ਸਿੰਘ ਵੱਲੋਂ

### 29 ਅਪ੍ਰੈਲ ਦਿਨ ਸ਼ਨਿਚਰਵਾਰ

*10 ਵਜੇ ਅਨੰਦ ਕਾਰਜ ਕਮਲਜੀਤ ਸਿੰਘ ਪਰਿਵਾਰ ਵੱਲੋਂ
*ਸਵੇਰੇ 10 ਵਜੇ ਸ੍ਰੀ ਸਹਿਜ ਪਾਠ ਆਰੰਭ ਕੁਲਦੀਪ ਕੌਰ ਪਰਿਵਾਰ ਵੱਲੋਂ
*ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਪਾਠ ਲੰਗਰ ਅਮਨਦੀਪ ਕੌਰ ਪਰਿਵਾਰ ਵੱਲੋਂ
*ਦੁਪਹਿਰ 12 ਵਜੇ ਸ੍ਰੀ ਸੁਖਮਨੀ ਸਾਹਿਬ ਪਾਠ ਕੀਰਤਨ ਲੰਗਰ ਪੁਖਰਾਜ ਸਿੰਘ ਵੱਲੋਂ
*ਦੁਪਹਿਰ 1 ਵਜੇ ਸ੍ਰੀ ਸੁਖਮਨੀ ਸਾਹਿਬ ਪਾਠ ਸੁਖਵਿੰਦਰ ਸਿੰਘ ਪਰਿਵਾਰ ਵੱਲੋਂ
*ਸ਼ਾਮ 3 ਵਜੇ ਸ੍ਰੀ ਸੁਖਮਨੀ ਸਾਹਿਬ ਪਾਠ ਕੀਰਤਨ ਲੰਗਰ ਨਵਨੂਰ ਕੌਰ ਪਰਿਵਾਰ ਵੱਲੋਂ
*ਸ਼ਾਮ 4 ਵਜੇ ਸ੍ਰੀ ਸੁਖਮਨੀ ਸਾਹਿਬ ਪਾਠ ਕੀਰਤਨ ਲੰਗਰ ਜੋਬਨਜੀਤ ਸਿੰਘ ਪਰਿਵਾਰ ਵੱਲੋਂ

### 30 ਅਪ੍ਰੈਲ ਦਿਨ ਐਤਵਾਰ

*ਦਾਹ ਸਸਕਾਰ ਕਸ਼ਮੀਰ ਕੌਰ ਰਿਵਰਸਾਈਡ ਵਿਖੇ 11 ਵਜੇ ਹੋਵੇਗਾ, ਉਪਰੰਤ 12.30 ਵਜੇ ਗੁਰਦੁਆਰਾ ਸਾਹਿਬ ਵਿਖੇ ਭੋਗ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਸਵੇਰੇ 10 ਵਜੇ ਪਾਠ ਸੁਖਮਨੀ ਸਾਹਿਬ ਕੀਰਤਨ, ਲੰਗਰ ਗੁਰੂਘਰ ਦੇ ਸ਼ਰਧਾਲੂ ਪਰਿਵਾਰ ਵੱਲੋਂ
*ਸਵੇਰੇ 8.30 ਵਜੇ ਪਾਠ ਸੁਖਮਨੀ ਸਾਹਿਬ ਲੰਗਰ ਰਾਜਵੀਰ ਕੌਰ ਸਿੰਘ ਪਰਿਵਾਰ ਵੱਲੋਂ







ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ। ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ, ਭਾਈ ਸੁਖਵਿੰਦਰ ਸਿੰਘ ਸਾਗਰ
ਰਾਗੀ ਜਥਾ ਭਾਈ ਮਨਪ੍ਰੀਤ ਸਿੰਘ ਜੀ, ਭਾਈ ਹਰਪਾਲ ਸਿੰਘ ਦਾ ਜਥਾ

## ਕਥਾਵਾਚਕ

ਭਾਈ ਮਹਿੰਦਰ ਸਿੰਘ ਭੜੀ ਵਾਲੇ

## ਕਵੀਸ਼ਰੀ ਜਥਾ

ਕਵੀਸ਼ਰ ਨਿਸ਼ਾਨ ਸਿੰਘ ਚੱਬਲ

# .Ck Auto.

SALE

BUY 4 TIRES & GET ALLIGNMENT AT 1/2 PRICE FLAT TYRE REPAIR FREE




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ

ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

## CK AUTO SERVICES LTD.

Clearance Sale
*Limited Quantity

On All Seasons & Winter Tires
(Auplus & Comforser)



TARSHOTAM BIRAN

**215/70R16**
COMFORSER
Reg: ~~$155.00~~
Now : $70.00



**235/65R17**
COMFORSER
Reg: ~~$220.00~~
Now : $95.00



**245/65R17**
COMFORSER
Reg: ~~$240.00~~
Now : $100.00




**215/70R15**
GOOD YEAR INTEGRITY
Reg: ~~$120.00~~
Now : $90.00



SALE

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey

---

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com

# ਇਨਸਾਫ਼ ਲਈ ਪਹਿਲਵਾਨ ਜੰਤਰ-ਮੰਤਰ ’ਤੇ ਪਰਤੇ

ਨਵੀਂ ਦਿੱਲੀ:-ਦੇਸ਼ ਦੇ ਚੋਟੀ ਦੇ ਪਹਿਲਵਾਨ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਲੱਗੇ ਦੋਸ਼ਾਂ ਦੀ ਜਾਂਚ ਲਈ ਬਣਾਈ ਗਈ ਕਮੇਟੀ ਦੀ ਰਿਪੋਰਟ ਜਨਤਕ ਕਰਨ ਦੀ ਮੰਗ ਨੂੰ ਲੈ ਕੇ ਅੱਜ ਇਥੋਂ ਦੇ ਜੰਤਰ-ਮੰਤਰ ’ਤੇ ਪ੍ਰਦਰਸ਼ਨ ਲਈ ਮੁੜ ਜਮ੍ਹਾਂ ਹੋ ਗਏ।ਪ੍ਰਦਰਸ਼ਨ ’ਚ ਓਲੰਪਿਕ ਤਗਮਾ ਜੇਤੂ ਬਜਰੰਗ ਪੂਨੀਆ, ਸਾਕਸ਼ੀ ਮਲਿਕ ਅਤੇ ਵਿਨੇਸ਼ ਫੋਗਾਟ ਸਮੇਤ ਹੋਰ ਪਹਿਲਵਾਨ ਸ਼ਾਮਲ ਹਨ। ਪੁਲੀਸ ਦੀ ਭਾਰੀ ਨਫ਼ਰੀ ਨਾਲ ਘਿਰੇ ਪਹਿਲਵਾਨਾਂ ਨੇ ਇਹ ਵੀ ਮੰਗ ਕੀਤੀ ਕਿ ਪ੍ਰਧਾਨ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਜਾਵੇ ਜੋ ਆਪਣੇ ’ਤੇ ਲੱਗੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਜਨਵਰੀ ਤੋਂ ਨਕਾਰਦਾ ਆ ਰਿਹਾ ਹੈ ਜਦੋਂ ਪਹਿਲਵਾਨਾਂ ਨੇ ਫੈਡਰੇਸ਼ਨ ਨੂੰ ਭੰਗ ਕਰਨ ਦੀ ਮੰਗ ਕਰਦਿਆਂ ਪਹਿਲੀ ਵਾਰ ਜੰਤਰ-ਮੰਤਰ ’ਤੇ ਧਰਨਾ ਦਿੱਤਾ ਸੀ। ਦੋਸ਼ਾਂ ਦੀ ਜਾਂਚ ਲਈ ਮੁੱਕੇਬਾਜ਼ ਮੇਰੀਕੋਮ ਦੀ ਅਗਵਾਈ ਹੇਠ ਬਣਾਈ ਗਈ ਛੇ ਮੈਂਬਰੀ ਕਮੇਟੀ ਨੇ ਅਪਰੈਲ ਦੇ ਪਹਿਲੇ ਹਫ਼ਤੇ ’ਚ ਰਿਪੋਰਟ ਸੌਂਪ ਦਿੱਤੀ ਸੀ ਪਰ ਸਰਕਾਰ ਨੇ ਅਜੇ ਤੱਕ ਇਸ ਨੂੰ ਜਨਤਕ ਨਹੀਂ ਕੀਤਾ ਹੈ।ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ’ਚ ਤਗਮਾ ਜੇਤੂ ਵਿਨੇਸ਼ ਨੇ ਸਵਾਲ ਕੀਤਾ,‘‘ਸਰਕਾਰ ਨੂੰ ਕਮੇਟੀ ਦੀ ਰਿਪੋਰਟ ਜਨਤਕ ਕਰਨ ’ਚ ਅਜੇ ਕਿੰਨਾ ਹੋਰ ਸਮਾਂ ਲੱਗੇਗਾ। ਪਹਿਲਾਂ ਹੀ ਤਿੰਨ ਮਹੀਨੇ ਹੋ ਚੁੱਕੇ ਹਨ ਅਤੇ ਅਸੀਂ ਸਰਕਾਰ ਦੀ ਅਜੇ ਵੀ ਉਡੀਕ ਕਰ ਰਹੇ ਹਾਂ। ਕੀ ਸ਼ਿਕਾਇਤ ਦੇਣ ਵਾਲੀਆਂ ਲੜਕੀਆਂ ਜਦੋਂ ਮਰ ਜਾਣਗੀਆਂ ਤਾਂ ਹੀ ਰਿਪੋਰਟ ਬਾਹਰ ਆਵੇਗੀ?’’ ਉਸ ਨੇ ਕਿਹਾ ਕਿ ਪਹਿਲਵਾਨ ਰਿਪੋਰਟ ਦੇ ਤੱਥ ਜਨਤਕ ਕਰਨ ਲਈ ਸਰਕਾਰ ਨੂੰ ਆਖ ਆਖ ਕੇ ਥੱਕ ਚੁੱਕੇ ਹਨ।









## ਸਿਹਤ ਸੰਬੰਧੀ



# ਬਜ਼ੁਰਗਾਂ ਵਿਚ ਭੁੱਲਣ ਦੀ ਸਮੱਸਿਆ ਅਤੇ ਹੋਮਿਓਪੈਥੀ

ਉਂਝ ਤਾਂ ਭੁੱਲਣ ਦੀ ਸਮੱਸਿਆ ਕਿਸੇ ਨੂੰ ਵੀ ਉਮਰ ਦੇ ਵੱਖ-ਵੱਖ ਪੜਾਵਾਂ ਉੱਤੇ ਹੋ ਸਕਦੀ ਹੈ, ਪਰ ਕਈਆਂ ਵਿੱਚ ਵਧਦੀ ਉਮਰ ਦੇ ਨਾਲ-ਨਾਲ ਭੁਲੱਕੜਪੁਣਾ ਵਧਣਾ ਦਿਖਾਈ ਦਿੰਦਾ ਹੈ। ਇਸ ਲੇਖ ਰਾਹੀਂ ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਯਾਦਾਸ਼ਤ ਦੀ ਘਾਟ ਜਾਂ ਯਾਦਾਸ਼ਤ ਗਵਾਉਣ ਦੇ ਵਿਸ਼ੇ 'ਤੇ ਚਾਨਣ ਪਾਇਆ ਜਾਵੇਗਾ। ਦਿਮਾਗ ਨੂੰ ਮਿਲਦੀ ਖ਼ੁਰਾਕ "ਨਿਊਰੋਟ੍ਰਾਂਸਮਿਟਰ" ਦੀ ਉਪਜ ਵਾਸਤੇ ਇੰਧਣ ਦਾ ਕੰਮ ਕਰਨ ਦੇ ਨਾਲ-ਨਾਲ "ਐਂਟੀ ਆਕਸੀਡੈਂਟ" ਨੂੰ ਵੀ ਬਰਕਰਾਰ ਰੱਖਦੀ ਹੈ। ਭੁੱਲਣ ਦੀ ਬਿਮਾਰੀ ਦੇ ਪਿੱਛੇ ਅਨੇਕਾਂ ਕਾਰਣ ਹੋ ਸਕਦੇ ਹਨ ਜਿਨ੍ਹਾਂ ਤੋਂ ਆਮ ਜ਼ਿੰਦਗੀ ਵਿੱਚ ਆਸਾਨੀ ਨਾਲ ਬਚਿਆ ਜਾ ਸਕਦਾ ਹੈ।

ਅਲੂਮਨਮ, ਸਿੱਕਾ (ਲੈੱਡ), ਮਰਕਰੀ (ਪਾਰਾ), ਅਤੇ ਵਾਧੂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਖੇਤਾਂ ਵਿੱਚ ਉਗਾਈ ਭੋਜਨ ਸਮੱਗਰੀ ਖਾਣ ਨਾਲ ਜਿੱਥੇ ਦਿਮਾਗ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ ਉੱਥੇ ਹੀ ਦਿਮਾਗ ਨੂੰ ਸੀਲੇਨੀਏਮ, ਵਿਟਾਮਿਨ ਈ ਅਤੇ ਫ਼ੋਲਿਕ ਐਸਿਡ ਜਿਹੇ ਕਈ ਤਰ੍ਹਾਂ ਦੇ ਪੋਸ਼ਕ ਤੱਤਾਂ ਦੀ ਵੀ ਘਾਟ ਹੋ ਜਾਂਦੀ ਹੈ। ਬਜ਼ੁਰਗਾਂ ਵਿੱਚ "ਅਲਜ਼ਾਈਮਰਜ਼" (ਭੁੱਲਣ ਦੀ ਬਿਮਾਰੀ) ਇੱਕ ਭਿਆਨਕ ਬਿਮਾਰੀ ਹੈ ਜਿਸ ਦੇ ਕਾਰਣ ਅਸਪਸ਼ਟ ਹਨ। ਅਮਰੀਕਾ ਵਿੱਚ 65 ਸਾਲ ਤੋਂ ਵਡੇਰੀ ਉਮਰ ਦੇ ਲਗਭਗ 10% ਬਜ਼ੁਰਗ ਇਸ ਬਿਮਾਰੀ ਨਾਲ ਪੀੜਤ ਹਨ। 40 ਤੋਂ 65 ਸਾਲ ਦੇ ਉਮਰ ਵਰਗ ਵਿੱਚ ਲਗਭਗ 5% ਵਿਅਕਤੀ ਇਸ ਬਿਮਾਰੀ ਤੋਂ ਪ੍ਰਭਾਵਿਤ ਹਨ। ਭੁੱਲਣ ਦੀ ਆਦਤ 20 ਤੋਂ 40 ਸਾਲ ਦੀ ਉਮਰ ਵਿਚਕਾਰ ਵੀ ਸ਼ੁਰੂ ਹੋ ਸਕਦੀ ਹੈ, ਪਰ ਇਹ ਵੇਖਣ ਵਿੱਚ ਵੀ ਆਇਆ ਹੈ ਕਿ ਲਗਭਗ 40% ਕੇਸਾਂ ਵਿੱਚ ਇਸ ਬਿਮਾਰੀ ਦੀ ਸਹੀ ਪਛਾਣ ਹੀ ਨਹੀਂ ਹੁੰਦੀ। ਡਮੈਨਸ਼ੀਆ ਜਾਂ ਦਿਮਾਗੀ ਨਿਘਾਰ ਦਾ ਪਤਾ ਕਰਨ ਲਈ ਦਿਮਾਗ ਦੀ ਨਾੜੀਆਂ ਦੇ ਸਖ਼ਤ ਹੋਣ ਜਾਂ ਅਧਰੰਗ ਦੇ ਛੋਟੇ-ਛੋਟੇ ਦੌਰੇ ਪੈਣ ਜਿਹੇ ਹੋਰਨਾਂ ਸੰਭਾਵੀ ਕਾਰਣਾਂ ਦੀ ਪਰਖ ਕੀਤੀ ਜਾਣੀ ਵੀ ਜ਼ਰੂਰੀ ਹੈ। ਸਰੀਰ ਵਿੱਚ ਪਾਣੀ ਦੀ ਕਮੀ, ਉਦਾਸੀ ਰੋਗ ਅਤੇ ਨਸ਼ੇ ਦੀ ਆਦਤ ਵੀ ਇਸ ਰੋਗ ਵਿੱਚ ਯੋਗਦਾਨ ਪਾ ਸਕਦੀਆਂ ਹਨ। ਦਿਮਾਗੀ ਸਿਹਤ ਵਾਸਤੇ ਜਿੱਥੇ ਸਰੀਰਕ ਕਸਰਤ ਅਤੇ ਦਿਮਾਗੀ ਕਸਰਤ ਦੀ ਵੱਡੀ ਭੂਮਿਕਾ ਹੈ, ਉੱਥੇ ਹੀ ਸਾਡੀ ਜੀਵਨ ਸ਼ੈਲੀ ਅਤੇ ਭੋਜਨ ਉੱਤੇ ਵੀ ਇੱਕ ਚੰਗੀ ਦਿਮਾਗੀ ਸਿਹਤ ਉਸਰਦੀ ਹੈ। ਹੇਠਾਂ ਦਿੱਤੇ ਕੁਝ ਫਲ ਅਤੇ ਸਬਜ਼ੀਆਂ ਦਿਮਾਗੀ ਸਿਹਤ ਅਤੇ ਯਾਦਾਸ਼ਤ ਨੂੰ ਸਹੀ ਰੱਖਣ ਲਈ ਸਹਾਈ ਹੋ ਸਕਦੀਆਂ ਹਨ:

- ਐਵੋਕਾਡੋ
- ਚੁਕੰਦਰ
- ਬਲੂਬੈਰੀਆਂ
- ਬ੍ਰੌਕਲੀ
- ਸੈਲਰੀ
- ਖੋਪੇ ਦਾ ਤੇਲ
- ਡਾਰਕ ਚਾਕਲੇਟ
- ਅੰਡੇ ਦਾ ਯੋਕ
- ਐਕਸਟ੍ਰਾ ਵਰਜਿਨ ਆਲਿਵ ਓਇਲ
- ਹਰੀਆਂ ਸਬਜ਼ੀਆਂ
- ਰੋਜ਼ਮੈਰੀ
- ਸੈਲਮਨ
- ਹਲਦੀ
- ਅਖਰੋਟ





**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579



ਹੋਮਿਓਪੈਥਿਕ ਉਪਚਾਰ:

ਦਿਮਾਗੀ ਸਿਹਤ ਦੀ ਦੇਖਭਾਲ ਅਤੇ ਤੰਦਰੁਸਤੀ ਵਾਸਤੇ ਹੋਮਿਓਪੈਥੀ ਦੀਆਂ ਕਾਰਗਰ ਦਵਾਈਆਂ ਸਹਾਇਕ ਹੋ ਸਕਦੀਆਂ ਹਨ ਜਿਨ੍ਹਾਂ ਰਾਹੀਂ ਦਿਮਾਗ ਨੂੰ ਪੋਸ਼ਣ ਅਤੇ ਆਕਸੀਜਨ ਦੀ ਲੋੜੀਂਦੀ ਸਪਲਾਈ ਮਿਲਦੀ ਹੈ। ਸਹੀ ਦਵਾਈ ਦੀ ਵਰਤੋਂ ਨਾਲ "ਨਿਊਰੋਟ੍ਰਾਂਸਮਿਟਰ ਪ੍ਰਣਾਲੀ" ਉੱਪਰ ਵਧੀਆ ਪ੍ਰਭਾਵ ਪੈਂਦਾ ਹੈ। ਹੋਮਿਓਪੈਥਿਕ ਦਵਾਈਆਂ ਰਾਹੀਂ ਦਿਮਾਗੀ ਇਕਾਗਰਤਾ ਅਤੇ ਯਾਦਾਸ਼ਤ ਨੂੰ ਬਰਕਰਾਰ ਰੱਖਣ ਅਤੇ ਵਧਾਉਣ ਵਾਸਤੇ ਮਦਦ ਮਿਲ ਸਕਦੀ ਹੈ।

ਯਾਦਾਸ਼ਤ ਦੀਆਂ ਮਾਮੂਲੀ ਸਮੱਸਿਆਵਾਂ ਵਿੱਚ ਹੋਮਿਓਪੈਥੀ ਦੀ "30 ਪੋਟੈਂਸੀ" ਦੀ ਢੁਕਵੀਂ ਦਵਾਈ ਲਈ ਜਾ ਸਕਦੀ ਹੈ। ਪਰ, ਵਿਗੜੀ ਹੋਈ ਯਾਦਾਸ਼ਤ ਦੀ ਸਥਿਤੀ ਵਿੱਚ ਸਹੀ ਦਵਾਈ ਦੀ ਛੋਟੀ ਤੋਂ ਛੋਟੀ ਤਾਕਤ ਲੈਣੀ ਫ਼ਾਇਦੇਮੰਦ ਹੋ ਸਕਦੀ ਹੈ। ਢੁਕਵੀਂ ਦਵਾਈ ਅਤੇ ਉਸ ਦੀ ਸਹੀ ਪੋਟੈਂਸੀ ਦੀ ਚੋਣ ਸਿਰਫ਼ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਕਰ ਸਕਦਾ ਹੈ ਅਤੇ ਆਪਣੇ ਬਗ਼ੈਰ ਮਾਹਿਰ ਸਲਾਹ ਤੋਂ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

ਲੱਛਣਾ ਮੁਤਾਬਕ ਕੁਝ ਦਵਾਈਆਂ ਜਿਵੇਂ ਕਿ ਅਨਾਕਾਰਡੀਅਮ, ਬ੍ਰੈਟਾ ਕਾਰਬ, ਕੋਨੀਅਮ, ਲਾਇਕੋਪੋਡੀਅਮ, ਥੂਜਾ ਆਦਿ ਤਜਵੀਜ਼ ਕੀਤੀਆਂ ਜਾ ਸਕਦੀਆਂ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਓ
night & day recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।



End Your Addiction
at Night and Day Recovery Centre

**Night and Day Recovery Centre**
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca





Hi Class JEWELLERS LTD.
JALANDHAR WALE
DEALS IN BEST QUALITY JEWELLERY
SPECIALISTS IN 22 - 24 KT.

ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਿਉਂ ਕੀਤਾ ਗਿਆ ਅਤੇ ਇਸ ਦਾ ਪ੍ਰਤੀਕਰਮ ਕੀ ਹੋਇਆ?

**ਅਵਤਾਰ ਸਿੰਘ (510-432-5827)**

ਗੁਰੂ ਜੀ ਦੀ ਸ਼ਹੀਦੀ ਦੇ ਕਾਰਨ-ਗੁਰੂ ਨਾਨਕ ਸਾਹਿਬ ਤੋਂ ਬਲਕਿ ਭਗਤਾਂ ਤੋਂ ਲੈ ਕੇ ਹੁਣ ਗੁਰੂ ਅਰਜਨ ਸਾਹਿਬ ਤੱਕ ਸਭ ਗੁਰੂਆਂ ਭਗਤਾਂ ਨੇ ਸੱਚ ਦਾ ਪ੍ਰਚਾਰ ਰੱਬੀ ਗਿਆਨ ਦੁਆਰਾ ਸ਼ਾਂਤਮਈ ਢੰਗ ਨਾਲ ਕੀਤਾ ਪਰ ਫਿਰ ਵੀ ਵਕਤੀਆ ਹਕੂਮਤਾਂ ਤੇ ਉਨ੍ਹਾਂ ਦੇ ਝੋਲੀਚੁੱਕਾਂ ਅਤੇ ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਹਮੇਸ਼ਾਂ ਇਸ ਦਾ ਵਿਰੋਧ ਕੀਤਾ। ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਤਾਂ ਇਸ ਕਰਕੇ ਕੀਤਾ ਕਿ ਉਨ੍ਹਾਂ ਦੁਆਰਾ ਫੈਲਾਏ ਭਰਮਜਾਲ-ਕਰਮਕਾਂਡਾਂ ਦਾ ਗੁਰੂਆਂ ਭਗਤਾਂ ਨੇ ਕਰੜਾ ਵਿਰੋਧ ਕਰਕੇ ਭੋਲੀ-ਭਾਲੀ ਜਨਤਾ ਨੂੰ ਜਾਗਰੂਕ ਕੀਤਾ। ਇਸ ਨਾਲ ਇਨ੍ਹਾਂ ਲੋਕਾਂ ਦੀ ਧਰਮ ਦੇ ਨਾਂ ਤੇ ਚਲਾਈ ਹੋਈ ਰੋਜੀ-ਰੋਟੀ ਵਾਲੀ ਦੁਕਾਨਦਾਰੀ ਤੇ ਅਸਰ ਪਿਆ ਅਤੇ ਅਜਿਹੇ ਲੋਕਾਂ ਵਲੋਂ ਹੀ ਹਕੂਮਤ ਦੇ ਕੰਨ ਭਰੇ ਗਏ ਕਿ ਜੇ ਵੇਲੇ ਸਿਰ ਗੁਰੂਆਂ-ਭਗਤਾਂ ਦੀਆਂ ਸਰਗਰਮੀਆਂ ਤੇ ਕਰੜੀ ਨਿਗ੍ਹਾ ਨਾਂ ਰੱਖੀ ਗਈ ਤਾਂ ਇਹ ਲੋਕ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਹਨ। ਇਸ ਮਾਮਲੇ ਵਿੱਚ ਸਿੱਧ, ਜੋਗੀ, ਉਦਾਸੀ, ਬ੍ਰਾਹਮਣ, ਮੌਲਾਣੇ, ਸ਼੍ਰੀ ਚੰਦੀਏ, ਪ੍ਰਿਥੀ ਚੰਦੀਏ, ਚੰਦੂਸ਼ਾਹੀਏ, ਬੀਰਬਲ ਬ੍ਰਾਹਮਣ ਆਦਿਕ ਜਿੱਥੇ ਵਕਤੀਆ ਹਕੂਮਤ ਦੇ ਕੰਨ ਭਰਦੇ ਰਹੇ ਓਥੇ ਤੁਰਾਨ ਦੇ ਰਹਿਣਵਾਲੇ ਮੁਹੰਮਦ ਬਾਕੀ ਬਿਲਾ ਦੇ ਚੇਲੇ ਸ਼ੇਖ ਅਹਿਮਦ ਸਰਹੱਦੀ ਅਤੇ ਉਸ ਦੇ ਚੇਲੇ ਮੁਰਤਜ਼ਾ ਖਾਂ ਜੋ ਅਤਿ ਕਟੜਵਾਦੀ ਚਿਸ਼ਤੀ ਮੁਸਲਮਾਨ ਅਤੇ ਜੋ ਸਿਰਫ ਤੇ ਸਿਰਫ ਹਰ ਪਾਸੇ ਇਸਲਾਮ ਹੀ ਇਸਲਾਮ ਦੇਖਣਾ ਚਾਹੁੰਦੇ ਸਨ, ਏਨਾਂ ਦਾ ਵੀ ਸਿੱਧਾ ਹੱਥ ਸੀ। ਇਵੇਂ ਸੌੜੀ ਸੋਚ ਵਾਲੇ ਧਾਰਮਿਕ ਆਗੂ ਅੱਗ-ਬਲੂਲੇ ਹੋ ਉੱਠੇ ਜੋ ਪਹਿਲੇ ਵੀ ਆਪਸ ਵਿੱਚ ਲੜ ਰਹੇ ਸਨ-ਖਹਿ ਮਰਦੇ ਬਹੁ ਬਾਹਮਣ ਮੌਲਾਣੇ (ਭਾ.ਗੁ.) ਸਾਡੇ ਬਹੁਤੇ ਢਾਡੀ ਤੇ ਪ੍ਰਚਾਰਕ ਇਕੱਲੇ ਚੰਦੂ ਤੇ ਦੋਸ਼ ਲਾਉਂਦੇ ਹਨ ਪਰ ਚੰਦੂ ਤਾਂ ਇੱਕ ਮਾਮੂਲੀ ਅਹਿਲਕਾਰ ਸੀ। ਚੰਦੂ ਨੇ ਰਿਸ਼ਤਾ ਕਰਨ ਵੇਲੇ ਗੁਰੂ-ਕਿਆਂ ਵਿਰੁੱਧ ਕਬੋਲ ਬੋਲੇ ਸਨ ਕਿ ਚਉਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ, ਸਿੱਖ ਸੰਗਤ ਨੇ ਇਸ ਦਾ ਕਰੜਾ ਵਿਰੋਧ ਕੀਤਾ ਸੀ।

ਗੁਰੂਆਂ-ਭਗਤਾਂ ਦੇ ਸੱਚੇ-ਸੁੱਚੇ ਤੇ ਸਿਧੇ-ਸਾਦੇ ਸੁਨਹਿਰੀ ਉਪਦੇਸ਼ਾਂ ਕਰਕੇ ਧੜਾ-ਧੜ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਰਹੇ ਸਨ ਇਹ ਗੱਲ ਉਸ ਵੇਲੇ ਦਾ ਇਤਿਹਾਸਕਾਰ ਮੋਹਸਨਫਾਨੀ ਵੀ ਲਿਖਦਾ ਹੈ। ਭਾਵੇਂ ਜਾਤ ਅਭਿਮਾਨੀਆਂ ਅਤੇ ਕਟੜਵਾਦੀਆਂ ਨੇ ਅਕਬਰ ਬਾਦਸ਼ਾਹ ਦੇ ਵੀ ਕੰਨ ਭਰੇ ਪਰ ਅਕਬਰ ਖੁਲ੍ਹ-ਦਿਲਾ ਹੋਣ ਕਰਕੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਕਿਉਂਕਿ ਅਕਬਰ ਬਾਦਸ਼ਾਹ ਕਈ ਵਾਰ ਗੁਰੂ ਦਰਬਾਰ ਆਇਆ ਅਤੇ ਗੁਰੂਆਂ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ ਅਤੇ ਕਿਰਸਾਨਾਂ ਦਾ ਮਾਲੀਆ ਅਤੇ ਹਿੰਦੂਆਂ ਦੇ ਤੀਰਥਾਂ ਦਾ ਟੈਕਸ ਵੀ ਮੁਆਫ ਕਰ ਗਿਆ। ਹੁਣ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਸ਼ਰਾਬੀ-ਕਬਾਬੀ ਪੁੱਤਰ ਜਹਾਂਗੀਰ ਨੂੰ ਇਨ੍ਹਾਂ ਕਟੜਵਾਦੀਆਂ ਨੇ ਇਸ ਕਰਕੇ ਰਾਜ ਗੱਦੀ ਤੇ ਬੈਠਾਇਆ ਕਿ ਜਹਾਂਗੀਰ ਇਸਲਾਮ ਦਾ ਪ੍ਰਚਾਰ ਕਰੇਗਾ ਅਤੇ ਸਿੱਖ ਲਹਿਰ ਨੂੰ ਖਤਮ ਕਰ ਦੇਵੇਗਾ ਪਰ ਉਸ ਨੂੰ ਕੀ ਪਤਾ ਸੀ ਕਿ ਇਹ ਲਹਿਰ ਸਗੋਂ ਹੋਰ ਵਧੇ ਫੁੱਲੇਗੀ। ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ "ਤੁਜ਼ਕਿ ਜਹਾਂਗੀਰੀ" ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਡੇ ਗੋਇੰਵਾਲ ਨਗਰ ਵਿੱਚ ਇੱਕ ਪੀਰਾਂ ਬਜੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਲ ਰਹੀ ਸੀ ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ "ਗੁਰੂ" (ਗੁਰੂ ਅਰਜਨ) ਨੂੰ ਇਸਲਾਮ ਵਿੱਚ ਲੈ ਆਂਦਾ ਜਾਵੇ। ਇਨ੍ਹਾਂ ਦਿਨਾਂ ਚ' ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ "ਗੁਰੂ" ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਓਥੇ ਮਾਲੀ ਸਹਾਇਤਾ ਵੀ ਕੀਤੀ। ਜਦੋਂ ਮੈਨੂੰ ਇਸ ਦਾ ਪਤਾ ਲਗਾ ਤਾਂ ਮੈ ਹੁਕਮ ਕੀਤਾ ਕਿ ਇਸ "ਗੁਰੂ" ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ ਉਸ ਦਾ ਘਰ ਘਾਟ ਬੱਚੇ ਤੇ ਮਾਲ ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ ਇਸ ਨੂੰ "ਯਾਸਾ ਦੰਡ" ਦੇ ਕੇ ਮਾਰ ਦਿੱਤਾ ਜਾਵੇ (ਯਾਸਾ ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ। ਜਿਸ ਵਿੱਚ ਕਿਸੇ ਮਹਾਂਪੁਰਖ ਨੂੰ ਬਿਨਾ ਖੂਨ ਡੋਲੇ ਮਾਰਿਆ ਜਾਂਦਾ, ਡਰ ਹੁੰਦਾ ਕਿ ਉਸ ਦੇ ਖੂਨ ਤੋਂ ਹੋਰ ਸ਼ਹੀਦ ਨਾਂ ਪੈਦਾ ਹੋ ਜਾਣ) ਇਸ ਤਰੀਕੇ ਨਾਲ ੩੦ ਮਈ ਸੰਨ ੧੬੦੬ ਨੂੰ ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਸ਼ਹੀਦੀ ਦਾ ਪ੍ਰਤੀਕਰਮ-ਜਿਸ ਦਾ ਅਸਰ ਇਹ ਹੋਇਆ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰੂ ਪਿਤਾ ਦੇ ਆਦੇਸ਼ ਤੇ ਚਲਦਿਆਂ ਅਕਾਲ ਤਖ਼ਤ ਦੀ ਰਚਨਾ ਕੀਤੀ, ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਣ ਲਈਆਂ ਤੇ ਦੂਰ ਦੂਰ ਹੁਕਮਨਾਮੇ ਭੇਜ ਦਿੱਤੇ ਕਿ ਹੁਣ ਸਿੱਖ ਰਸਤਾਂ-ਬਸਤਾਂ ਦੇ ਨਾਲ ਜਵਾਨੀਆਂ, ਸ਼ਸ਼ਤਰ ਅਤੇ ਘੋੜੇ ਭੇਟ ਕਰਨ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰਨ ਅਤੇ ਸ਼ਿਕਾਰ ਖੇਡਣ। ਇਸ ਤਰ੍ਹਾਂ ਥੋੜੇ ਚਿਰ ਵਿੱਚ ਹੀ ਗੁਰੂ ਦੀ ਫੌਜ ਤਿਆਰ ਹੋ ਗਈ। ਗੁਰੂ ਜੀ ਨੇ ਜ਼ਾਲਮ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਜਿਨ੍ਹਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਹੋਈ। ਲੋਕ ਇਨਸਾਫ ਲਈ ਦਿੱਲੀ ਦਾ ਤਖ਼ਤ ਛੱਡ ਅਕਾਲ-ਤਖ਼ਤ 'ਤੇ "ਗੁਰੂ" ਦੀ ਸ਼ਰਣ ਆਉਣ ਲੱਗ ਪਏ। ਮੁਗਲੀਆਂ ਹਕੂਮਤ ਦੀਆਂ ਜੜਾਂ ਖੋਖਲੀਆਂ ਹੋ ਗਈਆਂ। ਜਹਾਂਗੀਰ ਨੂੰ ਸੁਲਾਹ ਲਈ ਗੁਰੂ ਦੀ ਸ਼ਰਣ ਆਉਣਾ ਪਿਆ। ਸਤਵੇਂ ਅਤੇ ਅਠਵੇਂ ਗੁਰੂ ਤੱਕ ਸ਼ਾਂਤੀ ਰਹੀ ਪਰ ਗੁਰੂ ਦਰਬਾਰ ਵਿੱਚ ਸਿੱਖ ਫੌਜ ਹਮੇਸ਼ਾਂ ਬਰਕਰਾਰ ਰਹੀ। ਨੌਵੇਂ ਗੁਰੂ ਨੇ ਵੀ ਧਰਮ ਦੀ ਖਾਤਰ ਮਜ਼ਲੂਮ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਖ਼ਾਲਸਾ ਫੌਜ ਦਾ ਲਕਬ ਦਿੱਤਾ ਅਤੇ ਸਦਾ ਤਿਆਰ ਬਰ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਔਰੰਗਜ਼ੇਬ ਦੀ ਜ਼ਾਲਮ ਹਕੂਮਤ ਅਤੇ ਅਕਿਰਤਘਣ ਪਹਾੜੀ ਰਾਜਿਆਂ ਨਾਲ ੧੪ ਜੰਗਾਂ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਲੜੀਆਂ। ਜਿਸਦੇ ਫਲਸਰੂਪ ਬਾਬਾ ਬੰਦਾ ਸਿੰਘ ਬਹਾਦਰ ਨੇ ੮ ਸਾਲ ਰਾਜ ਕੀਤਾ, ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਮ ਦਾ ਸਿੱਕਾ ਚਲਾਇਆ, ਜ਼ਾਲਮ ਹਕੂਮਤ ਤੋਂ ਗਿਣ-ਗਿਣ ਕੇ ਬਦਲੇ ਲੈ, ਖਾਸ ਕਰਕੇ ਮਸੂਮ ਬੱਚਿਆਂ ਸਾਹਿਬਜ਼ਾਦਿਆਂ ਨੂੰ ਬੇਇਨਸਾਫੀ ਤੇ ਬੇਕਿਰਕੀ ਨਾਲ ਸ਼ਹੀਦ ਕਰਨ ਵਾਲੇ ਵਜ਼ੀਰ ਖਾਂ ਸੂਬਾ ਸਰਹੰਦ ਨੂੰ ਕੀਤੀ ਦਾ ਫਲ ਭੁਗਤਾਉਂਦੇ ਹੋਏ, ਸਰਹੰਦ ਦੀ ਇੱਟ ਨਾਲ ਇੱਟ ਖੜਕਾਈ। ਅੱਠ ਸਾਲ ਬਹੁਤ ਹੀ ਵਧੀਆ ਰਾਜ ਪ੍ਰਬੰਧ ਕੀਤਾ ਜਿਸ ਵਿੱਚ ਸਭ ਦੇ ਹੱਕਾਂ ਦੀ ਰਾਖੀ ਕਰਦੇ ਹੋਏ ਵਾਹੀਯੋਗ ਜ਼ਮੀਨਾਂ ਕਿਰਤੀ ਕਿਸਾਨਾਂ ਵਿੱਚ ਵੰਡੀਆਂ, ਸਿੱਖ ਫੌਜ ਵਿੱਚ ਅਕੀਦਤਮੰਦ ਹਿੰਦੂ ਅਤੇ ਮੁਸਲਮਾਨ ਵੀ ਭਰਤੀ ਕੀਤੇ ਅਤੇ ਧਰਮ ਅਸਥਾਨਾਂ ਦੀ ਸੇਵਾ ਕਰਦੇ ਹੋਏ ਗੁਰਦੁਆਰੇ, ਮਸਜਿਦਾਂ ਅਤੇ ਮੰਦਰ ਵੀ ਬਣਵਾਏ। ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਤੋਂ ਬਾਅਦ ਸਿੱਖਾਂ ਦੇ ੬੫ ਜਥੇ ਬਣ ਗਏ ਜਿਨ੍ਹਾਂ ਨੇ ਸ੍ਰ. ਕਪੂਰ ਸਿੰਘ ਨੂੰ ਨਵਾਬੀ ਅਤੇ ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੂੰ "ਸੁਲਤਾਨਲ-ਕੌਮਿ" ਭਾਵ ਕੌਮ ਦਾ ਬਾਦਸ਼ਾਹ ਥਾਪਿਆ। ਇਨ੍ਹਾਂ ਬਹਾਦਰ ਤੇ ਸੇਵਾ ਦੇ ਪੁੰਜ ਮਹਾਂਨ ਆਗੂਆਂ ਦੀ ਸੁਜੋਗ ਅਗਵਾਈ ਵਿੱਚ ਜੰਗਲਾਂ ਬੇਲਿਆਂ ਵਿੱਚ ਰਹਿੰਦੇ ਹੋਏ ਵੀ ਜ਼ਾਲਮ ਸਰਕਾਰ ਨੂੰ ਭੜਥੂ ਪਾਈ ਰੱਖਿਆ। ਫਿਰ ੬੫ ਜਥਿਆਂ ਤੋਂ ੧੨ ਮਿਸਲਾਂ ਬਣ ਗਈਆਂ। ਸਿੱਖ ਮਿਸਲਾਂ ਵੀ ਨੇ ਵੀ ਜ਼ਾਲਮ ਹਕੂਮਤ ਨੂੰ ਸੁਖ ਦੀ ਨੀਂਦ ਨਾ ਸੌਣ ਦਿੱਤਾ

**(ਬਾਕੀ ਸਫਾ ਬੀ23 ਤੇ)**

---

ਕਰਨ ਲਈ ਮਹੱਤਵਪੂਰਨ ਮੌਕਾ ਹੋਏਗਾ। ਸਮਝਿਆ ਜਾ ਸਕਦਾ ਹੈ ਕਿ 2024 ਤੱਕ ਜਿਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸ਼੍ਰੋਮਣੀ ਅਕਾਲੀ ਦਲ, ਦੂਜੀਆਂ ਸੰਘਰਸ਼ਸ਼ੀਲ ਧਿਰਾਂ ਅਤੇ ਸਿੱਖ ਨੌਜੁਆਨ ਪ੍ਰਾਪਤੀਆਂ ਦੀ ਨਵੀਂ ਇਬਾਰਤ ਲਿਖ ਚੁੱਕੇ ਹੋਣਗੇ, ਉਥੇ ਆਤਮ-ਚਿੰਤਨ ਕਰ ਚੁੱਕਿਆ ਭਾਈ ਅੰਮ੍ਰਿਤਪਾਲ ਸਿੰਘ ਵਰਤਾਰਾ ਕਾਨੂੰਨੀ ਲੜਾਈਆਂ ਤੋਂ ਸੁਰਖ਼ਰੂ ਹੋ ਕੇ ਦੁਬਾਰਾ ਸਰਗਰਮ ਹੋ ਸਕੇਗਾ। ਕੋਈ ਵੱਡੀ ਗੱਲ ਨਹੀਂ ਕਿ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ, ਵਾਰਿਸ ਪੰਜਾਬ ਦੇ ਤੇ ਹੋਰ ਜਥੇਬੰਦੀਆਂ ਆਪਸ ਵਿਚ ਇਕਸੁਰ ਹੋ ਕੇ ਪੰਜਾਬ ਤੇ ਪੰਥਕ ਰਾਜਨੀਤੀ ਦੀ ਨਵੀਂ ਇਬਾਰਤ ਲਿਖਣ ਵਿਚ ਸਫ਼ਲ ਹੋ ਜਾਣ। ਇਸ ਤਰ੍ਹਾਂ ਨਿਸ਼ਚੈ ਹੀ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਵੀ ਪ੍ਰਭਾਵਿਤ ਹੋਣਗੀਆਂ। ਜ਼ਾਹਿਰ ਹੈ ਕਿ ਜੇਕਰ ਸਾਰੀਆਂ ਪੰਥਕ ਧਿਰਾਂ ਸੰਜਮ ਤੇ ਵੱਡੀ ਭਵਿੱਖ-ਦ੍ਰਿਸ਼ਟੀ ਨੂੰ ਮੁੱਖ ਰੱਖ ਕੇ ਕੰਮ ਕਰਨ ਤਾਂ ਪੰਜਾਬ ਤੇ ਪੰਥ ਦੀ ਰਾਜਨੀਤੀ ਅਤੇ ਸੱਤਾ ਤਬਦੀਲੀ ਨਵੀਂ ਅੰਗੜਾਈ ਲੈਣਗੇ।-ਡਾਇਰੈਕਟਰ, ਸੈਂਟਰ ਫਾਰ ਪੰਥਕ ਕ੍ਰਿਏਟੀਵਿਟੀ, ਸ੍ਰੀ ਅਨੰਦਪੁਰ ਸਾਹਿਬ। ਮੋ. 9872591713


# LANGLEY BANQUET HALL




**ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ**

**ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ**



**DAVINDER GREWAL**
**604.537.9759**
3227 264 St. Aldergrovw, BC V4W2X3



# AMAYA LIVING



**60 LUXURIOUS CONDOS**
- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

**KITCHEN**

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

**BATHROOM**

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories **WARRANTY • 2-5-10 year**

**PH:778-885.6700**

**Add:140 St & 108 Ave, Surrey, BC V3T 4N8**

**E-mail: info@amayaliving.ca**

# ਕਾਵਿ ਕਿਆਰੀ

## ਮੈਂ ਦਸਤਾਰ ਹਾਂ


ਮੈਂ ਦਸਤਾਰ ਹਾਂ ਖਾਲਸਾ ਜੀ,
ਮੇਰਾ ਵਲੱਖਣ ਇਤਿਹਾਸ ਹੈ।
ਗੁਰੂ ਨਾਨਕ ਜੀ ਦੇ ਸੀਸ ਸਜ ਜਾਣਾ
ਇਹ ਮੇਰੇ ਲਈ ਖਾਸ ਹੈ।
ਉਨ੍ਹਾਂ ਸਿੱਖ ਸੇਵਕਾਂ ਸਿਰ ਸਜਾ,
ਮੈਨੂੰ ਜੱਗ ਵਿਚ ਕੀਤਾ ਖਾਸ ਹੈ।
ਮੈਂ ਸਿੱਖ ਹਾਂ, ਸਿੱਖ ਮੈਂ ਹਾਂ,
ਇਸ ਨੂੰ ਸਮਝੋ ਖਾਸਮ ਖਾਸ ਹੈ।
ਪਹਿਲਾਂ ਕਹਿ ਪਗੜੀ ਪੱਗ,
ਕਈਆਂ ਸਿਰ ਬੰਨਿਆ ਸੀ।
ਸਮਾਜ ਦੀਆਂ ਰੀਤਾਂ ਰਸਮਾਂ ਵਿਚ,
ਮੈਨੂੰ ਦੇਣਾ ਦੂਜੇ ਨੂੰ ਮੰਨਿਆ ਸੀ।
ਕਈ ਕਬੀਲਿਆਂ ਪਹਿਚਾਣ ਖਾਤਰ,
ਆਪਣੇ ਸਿਰਾਂ ' ਤੇ ਬੰਨ੍ਹਿਆ ਸੀ।
ਰੱਖਦੇ ਰਹੇ ਸਨ ਥੋੜੀ ਬਹੁਤ ਕਦਰ ਮੇਰੀ,
ਮੈਨੂੰ ਤਾਜ ਉਨ੍ਹਾਂ ਨਾ ਮੰਨਿਆ ਸੀ।
ਮੈਂ ਬੱਝ ਜਾਵਾਂ ਜਿਸ ਦੇ ਸਿਰ ਉੱਤੇ
ਉਹ ਆਮ ਤੋਂ ਬੰਦਾ ਖਾਸ ਹੋ ਜੇ।
ਉਹ ਭੀੜ ਵਿੱਚੋਂ ਵੱਖਰੀ ਪਹਿਚਾਣ ਵਾਲਾ
ਦੂੱਖੀ ਦੂੱਖਿਆਰਾਂ ਦੀ ਆਸ ਹੋ ਜੇ।
ਆਗੂ ਹੋ ਜਾਂਦਾ ਜਦ ਮੈਂ ਸਿਰ ਬੱਝਾਂ
ਉਹ ਦੜੇ ਮਜ਼ਲੂਮ ਧਰਵਾਸ ਹੋ ਜੇ।
ਹੈ ਤੇ ਕੱਪੜਾ, ਦੂਜੇ ਦੇ ਵਾਂਗੂ,
ਸਿਰ ਬੱਝਣ ਨਾਲ ਭਾਈ ਖਾਸਲ ਖਾਸ ਹੋ ਜੇ।
ਮੇਰਾ ਨਾਂ ਬਦਲਿਆ ਗੁਰੂ ਜੀ ਨੇ,
ਪੱਗ ਪੱਗੜੀ ਥਾਂ ਦਸਤਾਰ ਹੋ ਗਈ।
ਗੁਰੂ ਜੀਉਂਦੇ ਰੱਬੀ ਭੈ ਅਦਬ ਅੰਦਰ,
ਬੱਝ ਸਿਰ ਮੈਂ ਸਤਿਕਾਰ ਹੋ ਗਈ।
ਕਰਣੀ ਵਾਲਾ ਸਿੱਖ ਗੁਰੂ ਜੀ ਕੀਤਾ ਪੈਦਾ,
ਹੁਣ ਵੇਖੋ ਮੈਂ ਕਿਰਦਾਰ ਹੋ ਗਈ।
ਸੱਚ ਧਰਮ ਦੇ ਰਾਹ ਦੇ ਪਾਂਧੀ ਹੈਨ ਸਤਿਗੁਰੂ,
ਮੈਂ ਚੱਜ ਆਚਾਰ ਹੋ ਗਈ।
ਮਰਨ ਰਸਮ 'ਤੇ ਵਰਤਣਾ ਬੰਦ ਕੀਤਾ,
ਸਨਮਾਨ ਦੇਣ ਲਈ ਅਲੰਬਰਦਾਰ ਹਾਂ ਮੈਂ।
ਸਿੱਖ ਮਰਯਾਦਾ ਵਿਚ ਨੀਝ ਲਾ ਤੱਕੋ,
ਕਿਵੇਂ ਥਾਂ ਥਾਂ ਅਦਬਦਾਰ ਹਾਂ ਮੈ।
ਦਸ, ਤਾਰ ਮੇਰੇ ਵਿਚ ਰੱਬੀ ਰੰਗ ਨੇ,
ਰਚਨਹਾਰ ਦੀ ਰੰਗ ਬਹਾਰ ਹਾਂ ਮੈਂ।
ਮੈਨੂੰ ਦਾਗ ਨ ਲੱਗ ਜਾਵੇ ਕਿਸੇ ਰੂਪ ਅੰਦਰ,
ਸਿੱਖ ਦੀ ਸੋਚ ਵਿਚਾਰ ਹਾਂ ਮੈਂ।
ਸਿੱਖ ਸਿਰ ਤੇ ਸੱਜ ਧਜ ਕੇ ,
ਰੁਤਬਾ ਪਾਉਂਦੀ ਮੈਂ ਸਰਦਾਰ ਦਾ ਜੀ।
ਦੁਨੀਆਂ ਹਰ ਕੋਨੇ ਵਿਚ ਮੈਨੂੰ ਜਾਣਦੇ ਨੇ,
ਨਾਂ ਹੈ ਸਿੱਖ ਸਰਦਾਰ ਦਾ ਜੀ।
ਸਿੱਖ ਕਕਾਰਾਂ ਵਿਚ ਭਾਵੇਂ ਮੇਰਾ ਨਾਂ ਹੈ ਨਹੀਂ,
ਸਿੱਖ ਨ ਮੈਨੂੰ ਵਿਸਾਰਦਾ ਜੀ।
ਮੈਂ ਰੱਬੀ ਪਹਿਚਾਣ ਕੇਸ ਸੰਭਾਲਦੀ ਹਾਂ
ਮੈਨੂੰ ਕਹਿ ਦਸਤਾਰ ਸਤਿਕਾਰ ਦਾ ਜੀ।
ਮੇਰਾ ਇਤਿਹਾਸ ਅਮਰ ਹੈ ਜੱਗ ਉੱਤੇ,
ਲਿਖਿਆ ਸਿੱਖ ਨੇ ਜਾਨਾਂ ਵਾਰ ਕੇ ਹੈ।
ਝੱਖੜ ਝੁੱਲਦੇ ਤੱਕਦੀ ਨਿੱਤ ਰਹਿੰਦੀ,
ਬੰਨਣ ਵਾਲਾ ਰੱਖਦਾ ਕਰਜ਼ ਉਤਾਰ ਕੇ ਹੈ।
ਖ਼ੂਨ ਨਾਲ ਲੱਥ ਪੱਥ ਹੁੰਦੀ ਰਹਿੰਦੀ,
ਧਰਮ ਰੱਖਦਾ ਸਿੱਖ ਜਾਂ ਵਾਰ ਕੇ ਹੈ।
ਮੈਨੂੰ ਕਿਸੇ ਲੋਹੇ ਟੋਪ ਦੀ ਲੋੜ ਹੈ ਨਹੀਂ,
ਬੰਨਣ ਵਾਲਾ ਨਿਗਾਹ ਰੱਖੇ ਤਾੜ ਕੇ ਹੈ।
ਇਤਿਹਾਸ ਮੇਰਾ ਲਗਾਤਾਰ ਕਾਇਮ ਰਹਿਣਾ,
ਮੇਟਣ ਵਾਲੇ ਜੱਗ ਜੰਮਣਾ ਨਹੀਂ।
ਸਿੱਖ ਕਿਰਦਾਰ ਨੇ ਧਰਮ ਦੇ ਰਾਹ ਤੁਰਨਾ,
ਰੋਹ ਹੱਕ ਵਾਲਾ ਕਿਸੇ ਥੰਮਣਾ ਨਹੀਂ।
ਜ਼ੁਲਮ ਕਰਨ ਵਾਲਾ ਕੰਨੀਂ ਹੱਥ ਲਾਜੂ,
ਲੜਦੇ ਸਿੱਖ ਨੇ ਕਦੀ ਹੰਭਣਾ ਨਹੀਂ।
ਰੱਖਣਾ ਸਿਰ ਸਜਾ ਸਿੱਖ ਸਰਦਾਰ ਨੇ ਹੈ
ਝੱਖੜ ਝੋਲਿਆਂ ਵਿਚ ਮੈਂ ਕੰਬਣਾਂ ਨਹੀਂ।

**-ਗਿ.ਕੇਵਲ ਸਿੰਘ**
**ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ**

## ਵਹੁਟੀ, ਰੋਟੀ 'ਤੇ ਸੋਟੀ

ਏਅਰਪੋਰਟ 'ਤੇ ਜਹਾਜ਼ ਚੜ੍ਹਨ ਲਈ,
ਇੱਕ ਜੋੜਾ ਜੋ ਆਇਆ,
ਅਜੀਬ ਕਿਸਮ ਦੀ ਇੱਕ ਕਹਾਣੀ ਦਾ,
ਰੱਬ ਸਬੱਬ ਬਣਾਇਆ।
ਚੈੱਕ ਇਨ 'ਤੇ ਸਕਿਉਰਿਟੀ ਤੋਂ ਅੱਗੇ,
ਉਹ ਵੱਲ੍ਹ ਉਸ ਗੇਟ ਦੇ ਚੱਲੇ,
ਜਿੱਥੋਂ ਜਹਾਜ਼ ਚੱਲਣਾ ਸੀ ਉਨ੍ਹਾਂ ਦਾ,
ਉਨ੍ਹਾਂ ਦੀ ਮੰਜ਼ਿਲ ਵੱਲੇ।
ਬਜ਼ੁਰਗ ਪਤੀ ਦੀ ਰੰਗਲੀ ਸੋਟੀ,
ਟੱਕ ਟੱਕ ਕਰਦੀ ਜਾਵੇ,
ਜਿਸ ਦੇ ਬਰਾਬਰ ਪਤਨੀ ਸੈਂਡਲ,
ਫਿਟਕ ਫਿਟਕ ਖੜਕਾਵੇ।
ਪਤੀ ਜੀ ਹੌਲੀ ਹੌਲੀ ਚੱਲਦੇ,
ਕਦਮ ਚੁੱਕਣ ਕੁੱਝ ਸਹਿਜੇ,
ਪਰ ਨੌਜਵਾਨ ਪਤਨੀ ਦੇ,
ਕੁੱਝ ਛੋਹਲੇ ਲੱਗਣ ਲਹਿਜੇ।
ਏਨੇ ਨੂੰ ਏਅਰਪੋਰਟ ਦੀ ਬੱਘੀ,
ਆ ਰੁਕੀ ਉਨ੍ਹਾਂ ਲਾਗੇ,
ਡਰਾਈਵਰ ਨੇ ਲਿਫਟ ਦੇਣ ਦੀ,
ਪੇਸ਼ਕਸ਼ ਕੀਤੀ ਆ ਕੇ।
ਪਤੀ ਨੇ ਝੱਟ ਹਾਂ ਕਰ ਦਿੱਤੀ,
'ਤੇ ਸ਼ੁਕਰ ਰੱਬ ਦਾ ਕੀਤਾ,
ਪਰ ਪਤਨੀ ਨੇ ਹਤਕ ਸਮਝ ਕੇ,
ਚੜ੍ਹਨਾ ਮਨਜ਼ੂਰ ਨਾ ਕੀਤਾ।
ਬੱਘੀ ਦੀ ਰਫ਼ਤਾਰ ਸੀ ਤਿੱਖੀ,
ਜਾਵੇ ਅੱਗੇ ਤੋਂ ਅੱਗੇ,
ਪਤਨੀ ਨੱਠ ਨੱਠ ਹੋਈ ਫਾਵੀਂ,
ਸਾਹ ਨਾਲ ਸਾਹ ਨਾ ਲੱਗੇ।
ਪਤੀ ਨੂੰ ਗੇਟ ਦੇ ਉੱਤੇ ਜਾ ਕੇ,
ਬੱਘੀ ਨੇ ਝੱਟ ਲਾਹਿਆ,
ਪਤਨੀ ਰਹਿ ਗਈ ਅੱਧਵਾਟੇ,
ਸਫ਼ਰ ਨਾ ਗਿਆ ਮੁਕਾਇਆ।
ਉੱਤਰ ਬੱਘੀਉਂ ਪਤੀ ਨੇ ਤੱਕਿਆ,
ਸੋਟੀ ਉਸ ਦੀ ਗੁੰਮ ਸੀ,
ਫਿਕਰ ਵਿੱਚ ਘਬਰਾਇਆ ਬੰਦਾ,
ਹੋ ਗਿਆ ਗੁੰਮ ਸੁੰਮ ਸੀ।
ਘਬਰਾਹਟ ਵਿੱਚ ਉਹ ਮੁੜਿਆ ਪਿੱਛੇ,
ਜਿਧਰੋਂ ਬੱਘੀ ਸੀ ਆਈ,
ਸੋਚਿਆ ਕਿਤੇ ਉਹ ਡਿਗ ਪਈ ਹੋਵੇ,
ਜਾਂ ਹੋਵੇ ਕਿਸੇ ਹਥਿਆਈ।
ਏਨੇ ਨੂੰ ਪਤਨੀ ਵੀ ਮਿਲ ਪਈ,
ਸਾਹੋ ਸਾਹੀ ਹੋਈ,
ਕਹਿੰਦੀ ਤੈਥੋਂ ਟਿਕ ਨਹੀਂ ਹੁੰਦਾ,
ਕਰਦੈਂ ਡੰਗਾ ਡੋਈ?
ਪਤੀ ਕਹੇ ਮੇਰੀ ਸੋਟੀ ਗੁੰਮ ਗਈ,
ਲੱਭਣ ਤੁਰਿਆ ਹਾਂ ਮੈਂ,
ਤੈਨੂੰ ਤਾਂ ਨਹੀਂ ਕਿਸੇ ਫੜਾਈ,
ਜਾਂ ਕਿਤੇ ਦੇਖੀ ਹੋਵੇ ਤੈਂ?
ਸੁਣ ਕੇ ਵਹੁਟੀ ਨੂੰ ਚੜ੍ਹਿਆ ਗੁੱਸਾ,
ਲੱਗੀ ਉੱਚਾ ਬੋਲਣ,
ਚੰਦਰੇ ਵਕਤੀਂ ਤੇਰੇ ਲੜ ਮੈਂ,
ਲੱਗ ਪਈ ਜ਼ਿੰਦਗੀ ਰੋਲਣ।
ਸਵੇਰ ਦੀ ਭੁੱਖਣ ਭਾਣੀ ਤੇਰੇ,
ਕਰਦੀ ਅੱਗੇ ਤੱਗੇ,
ਖੜ੍ਹੀ ਲੱਤੇ ਮੈਂ ਘੁੰਮਦੀ ਰਹੀ ਹਾਂ,
ਤੇਰੇ ਖੱਬੇ ਸੱਜੇ।
ਨਾ ਕੋਈ ਸਰਿਆ ਚਾਹ ਨਾ ਪਾਣੀ,
ਨਾ ਕੋਈ ਇੱਕ ਅੱਧ ਰੋਟੀ,
ਉੱਪਰੋਂ ਤੂੰ ਗਵਾ ਬੈਠਾ ਹੈਂ,
ਆਪਣੀ ਰੰਗਲੀ ਸੋਟੀ।
ਗੁੱਸੇ ਵਿੱਚ ਫਿਰ ਮਰਦ ਵੀ ਆਇਆ,
ਸੁਣ ਉਹ ਮੇਰੀ ਵਹੁਟੀ!
ਤੈਨੂੰ ਖਾਣ ਨੂੰ ਕੁੱਛ ਨਹੀਂ ਮਿਲਣਾ,
ਜੇ ਲੱਭੀ ਨਾ ਮੇਰੀ ਸੋਟੀ!
ਆ ਰਲ ਪਹਿਲਾਂ ਸੋਟੀ ਲੱਭੀਏ,
ਫੇਰ ਸੋਚਾਂਗੇ ਰੋਟੀ,
ਨਹੀਂ ਤਾਂ ਉਸ ਦੇ ਬਾਝੋਂ ਹੋਸੀ,
ਮੇਰੀ ਵਾਟ ਸਭ ਖੋਟੀ।
ਏਨੇ ਨੂੰ ਇੱਕ ਹੋਰ ਯਾਤਰੀ,
ਪਿੱਛੋਂ ਤੁਰਦਾ ਆਇਆ,
ਜੋੜੇ ਦੇ ਝਗੜੇ ਨੂੰ ਸੁਣ ਕੇ,
ਸਮਝ ਕੁੱਛ ਉਸਨੂੰ ਆਇਆ।
ਹੱਥ ਵਿੱਚ ਫੜੀ ਇੱਕ ਰੰਗਲੀ ਸੋਟੀ,
ਉਸ ਬੰਦੇ ਅੱਗੇ ਕੀਤੀ,
ਕਿਹਾ ਇਹ ਮੈਨੂੰ ਰਸਤਿਉਂ ਲੱਭੀ,
ਮੈਂ ਸੀ ਇਹ ਚੁੱਕ ਲੀਤੀ।
ਤੁਹਾਡੀ ਹੈ ਤਾਂ ਤੁਸੀਂ ਰੱਖ ਲਓ,
ਝਗੜਾ ਆਪਣਾ ਮੁਕਾਓ,
ਹੱਸਦੇ ਵਸਦੇ ਫੜੋ ਫਲਾਈਟ,
ਟਿਕਾਣੇ ਆਪਣੇ ਜਾਓ।
ਰੰਗਲੀ ਆਪਣੀ ਸੋਟੀ ਦੇਖ ਕੇ,
ਸਰਦਾਰ ਜੀ ਮੁਸਕਰਾਏ,
ਦੋਨਾਂ ਜੀਆਂ ਦੇ ਤਾਂ ਫਿਰ ਜਾਕੇ,
ਸਾਹਾਂ ਵਿੱਚ ਸਾਹ ਆਏ।
ਧੰਨਵਾਦ ਕਰ ਉਸ ਯਾਤਰੀ ਦਾ,
ਉਹ ਤੁਰੇ ਗੇਟ ਦੇ ਵੱਲੇ,
ਬੈਠ ਬੈਂਚ 'ਤੇ ਜਾਕੇ ਉੱਥੇ,
ਅੰਤ ਹੋ ਗਏ ਨਿਚੱਲੇ।
ਹੌਲ਼ੀ ਹੌਲ਼ੀ ਫਿਰ ਪਤਨੀ ਨੇ,
ਬੈਗ ਜਦ ਆਪਣਾ ਖੋਲ੍ਹਿਆ,
ਘਰ ਤੋਂ ਲਿਆਂਦੇ ਪਰੌਂਠਿਆ ਵਾਲਾ,
ਬੰਡਲ ਉਸ ਫਰੋਲਿਆ।
ਦੇਸੀ ਘਿਓ ਵਿੱਚ ਤਲ਼ੇ ਪਰੌਂਠੇ,
ਮਹਿਕਾਂ ਛੱਡਣ ਹਰ ਪਾਸੇ,
ਦੋਨੋਂ ਚਿਹਰੇ ਖਿੜੇ ਕੁੱਛ ਏਦਾਂ,
ਰੋਕਿਆਂ ਰੁਕਣ ਨਾ ਹਾਸੇ।
ਆਚਾਰ ਨਾਲ ਫਿਰ ਮੂਲੀ ਵਾਲੇ,
ਉਨ੍ਹਾਂ ਰੱਜ ਪਰੌਂਠੇ ਖਾਧੇ,
ਮੁਸਕੜੀਆਂ ਵਿੱਚ ਇੱਕ ਦੂਜੇ ਵੱਲ,
ਤੀਰ ਪਿਆਰ ਦੇ ਸਾਧੇ।
ਰੋਟੀ ਖਾ ਵਹੁਟੀ ਹੁਣ ਖ਼ੁਸ਼ ਸੀ,
ਨਾਲੇ ਮਿਲ ਗਈ ਸੀ ਸੋਟੀ,
ਅਰਦਾਸ ਪਤੀ ਨੇ ਮਨ ਵਿੱਚ ਕੀਤੀ,
ਰੱਬਾ! ਵਾਟ ਨਾ ਹੋਵੇ ਖੋਟੀ।ਹੁਣ ਵਾਟ ਨਾ ਹੋਵੇ ਖੋਟੀ।

**ਰਵਿੰਦਰ ਸਿੰਘ ਕੁੰਦਰਾ-ਵੈਂਟਰੀ ਯੂ ਕੇ**

SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits


604.543.3886
SINGH THIND & ASSOCIATES
BARRISTERS & SOLICITORS

# ਚੀਨ ਤੇ ਮਲਿਕ ਦੇ ਖੁਲਾਸਿਆਂ ਸਣੇ ਕਈ ਮੁੱਦੇ ਹਨ 'ਮੌਨ ਕੀ ਬਾਤ':ਕਾਂਗਰਸ

ਨਵੀਂ ਦਿੱਲੀ:-ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਮਨ ਕੀ ਬਾਤ' ਪ੍ਰੋਗਰਾਮ ਦੀ 100ਵੀਂ ਕੜੀ ਦੇ ਪ੍ਰਸਾਰਨ ਤੋਂ ਪਹਿਲਾਂ ਅੱਜ ਟਿੱਪਣੀ ਕਰਦੇ ਹੋਏ ਕਿਹਾ ਕਿ ਚੀਨ ਦੇ ਵਿਸ਼ੇ, ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆ ਮਲਿਕ ਦੇ ਖੁਲਾਸੇ ਤੇ ਕਈ ਹੋਰ ਮੁੱਦੇ 'ਮੌਨ ਕੀ ਬਾਤ' ਹੈ।

ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਟਵੀਟ ਕੀਤਾ, ''30 ਅਪਰੈਲ ਨੂੰ ਹੋਣ ਜਾ ਰਹੀ 'ਮਨ ਕੀ ਬਾਤ' ਦੀ 100ਵੀਂ ਕੜੀ ਦੀ ਸੂਚਨਾ ਦਾ ਪ੍ਰਸਾਰ ਕਰਨ ਲਈ ਪ੍ਰਧਾਨ ਮੰਤਰੀ ਦੀ ਤਾਕਤਵਰ ਪੀਆਰ ਮਸ਼ੀਨ ਓਵਰਟਾਈਮ ਕਰ ਰਹੀ ਹੈ। ਇਸ ਵਿਚਾਲੇ 'ਮੌਨ ਕੀ ਬਾਤ' ਹੈ - ਅਡਾਨੀ, ਚੀਨ, ਸੱਤਿਆਪਾਲ ਮਲਿਕ ਦੇ ਖੁਲਾਸਿਆਂ, ਐੱਮਐੱਸਐੱਮਈ ਦੀ ਬਰਬਾਦੀ ਤੇ ਹੋਰ ਮਹੱਤਵਪੂਰਨ ਮੁੱਦਿਆਂ 'ਤੇ ਚੁੱਪ।''




# ਜੇਕਰ ਕਾਂਗਰਸ ਸੱਤਾ 'ਚ ਆਉਂਦੀ ਹੈ ਤਾਂ ਦੰਗਿਆਂ ਤੋਂ ਪ੍ਰਭਾਵਿਤ ਹੋਵੇਗਾ ਕਰਨਾਟਕ:ਸ਼ਾਹ

ਬਾਗਲਕੋਟ (ਕਰਨਾਟਕ)ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਜੇਕਰ ਕਰਨਾਟਕ ਵਿੱਚ ਕਾਂਗਰਸ ਸੱਤਾ 'ਚ ਆਉਂਦੀ ਹੈ ਤਾਂ ਸੂਬੇ 'ਚ ਵੰਸ਼ਵਾਦੀ ਰਾਜਨੀਤੀ ਸਿਖਰ 'ਤੇ ਹੋਵੇਗੀ ਅਤੇ ਸੂਬਾ ਦੰਗਿਆਂ ਤੋਂ ਪ੍ਰਭਾਵਿਤ ਹੋਵੇਗਾ। ਉਹ ਬੇਲਾਗਾਵੀ ਜ਼ਿਲ੍ਹੇ ਵਿੱਚ ਪੈਂਦੇ ਤੇਰਦਾਲ 'ਚ ਇਕ ਜਨਤਕ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜੇਕਰ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਬਣਦੀ ਹੈ ਤਾਂ ਰਾਜ ਦੀ ਤਰੱਕੀ ਨੂੰ ਪਿਛਲਾ ਗੇਅਰ ਪੈ ਜਾਵੇਗਾ। ਉਨ੍ਹਾਂ 10 ਮਈ ਨੂੰ ਹੋਣ ਵਾਲੀਆਂ ਕਰਨਾਟਕ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਦਾ ਸਮਰਥਨ ਮੰਗਦਿਆਂ ਕਿਹਾ ਕਿ ਸਿਰਫ਼ ਭਾਜਪਾ ਹੀ ਹੈ ਜਿਹੜੀ ਕਿ ਸੂਬੇ ਨੂੰ 'ਨਵੇਂ ਕਰਨਾਟਕ' ਵੱਲ ਲੈ ਕੇ ਜਾ ਸਕਦੀ ਹੈ।

(ਸਫਾ ਬੀ21 ਦੀ ਬਾਕੀ)

ਅਤੇ ਮਹਾਂਰਾਜਾਂ ਰਣਜੀਤ ਸਿੰਘ ਦੀ ਅਗਵਾਈ ਵਿੱਚ ੫੦ ਸਾਲ ਰਾਜ ਕੀਤਾ ਜੋ ਫੁੱਟ ਕਰਕੇ ਜਾਂਦਾ ਰਿਹਾ ਤੇ ਅੱਜ ਤੱਕ ਨਹੀ ਮਿਲਿਆ। ਗੁਰਦੁਆਰਿਆਂ ਉੱਤੇ ਮਹੰਤ ਕਾਬਜ਼ ਹੋ ਗਏ ਜੋ ਭਾਰੀ ਕੁਰਬਾਨੀਆਂ ਕਰਕੇ ਕੱਢਣੇ ਪਏ। ਫਿਰ ਸਿੰਘ ਸਭਾ ਲਹਿਰ ਪੈਦਾ ਹੋਈ, ਸਿੱਖੀ ਦਾ ਪ੍ਰਚਾਰ ਹੋਇਆ ਪਰ ਇਨ੍ਹਾਂ ਕਰਮਕਾਂਡੀ ਮਹੰਤਾਂ ਦਾ ਅਸਰ ਖਤਮ ਨਹੀਂ ਹੋਇਆ। ਜੂਨ ੧੯੮੪ ਵਿੱਚ ਫਿਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਇਕੱਤਰ ਹੋਈਆਂ ਹਜਾਰਾਂ ਸੰਗਤਾਂ ਸਮੇਤ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਭਾਰਤੀ ਹਕੂਮਤ ਨੇ ਹਮਲਾ ਕਰ ਦਿੱਤਾ ਜਿਵੇਂ ਮਹੰਤ ਨਰੈਣੂ ਨੇ ਨਨਕਾਣਾ ਸਾਹਿਬ ਤੇ ਨਿਹੱਥੇ ਸਿੰਘਾਂ ਤੇ ਕੀਤਾ ਸੀ। ਪਰ ਬਾਬਾ ਜਰਨੈਲ ਸਿੰਘ ਦੀ ਅਗਵਾਈ ਅਤੇ ਜਨਰਲ ਸ਼ੁਬੇਗ ਸਿੰਘ ਦੀ ਕਮਾਣ ਹੇਠ ਮੁਠੀ ਭਰ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਮੁਕਾਬਲਾ ਕਰਕੇ ਦੱਸ ਦਿੱਤਾ ਕਿ ਅਜੇ ਸਾਡੇ ਵਿੱਚ ਸਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਕੁਰਬਾਨੀ, ਸਾਹਿਬਜ਼ਾਦੇ ਅਤੇ ਅਨੇਕਾਂ ਅਕੀਦਤਮੰਦ ਤੇ ਬਹਾਦਰ ਸਿੰਘ ਸਿੰਘਣੀਆਂ ਦੀ ਸ਼ਹੀਦੀ ਦਾ ਖੂਨ ਗਰਮ ਹੈ।ਦੇਖੋ! ਗੁਰੂਆਂ-ਭਗਤਾਂ ਨੇ ਤਾਂ ਜ਼ੁਲਮ ਅੱਗੇ ਗੋਡੇ ਨਹੀਂ ਸਨ ਟੇਕੇ ਪਰ ਅੱਜ ਅਸੀਂ ਗੁਰ-ਹੁਕਮਾਂ ਨੂੰ ਛਿੱਕੇ ਟੰਗ ਡੇਰੇਦਾਰ ਸਾਧਾਂ-ਸੰਤਾਂ ਅੱਗੇ ਹੱਥ ਜੋੜੀ ਖੜੇ ਹਾਂ। ਖ਼ਾਲਸਾ ਪੰਥ ਨੂੰ ਕਈ ਸੰਪ੍ਰਦਾਵਾਂ ਵਿੱਚ ਵੰਡੀ ਬੈਠੇ ਹਾਂ ਜੋ ਆਏ ਦਿਨ ਸਾਨੂੰ ਲੁੱਟ ਕੇ ਸਾਡਾ ਸ਼ੋਸ਼ਣ ਕਰ ਰਹੇ ਹਨ। ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਦੇਣ ਸੰਸਾਰ ਵਾਸਤੇ ਭਗਤਾਂ ਅਤੇ ਗੁਰਆਂ ਦੀ ਬਾਣੀ ਦੀ ਸੰਪਾਦਨੈ ਜੋ ਸਾਇੰਟੇਫਿਕ ਰੱਬੀ ਗਿਆਨ ਜਿਸ ਨੂੰ "ਪੋਥੀ ਪਰਮੇਸ਼ਰ ਕਾ ਥਾਨ" ਕਿਹਾ ਅਤੇ ਫੁਰਮਾਇਆ "ਗ੍ਰੰਥ ਰਿਦਾ ਗੁਰ ਕਾ ਇਹ ਜਾਨੋ ਊਤਮ ਹੈ ਸਰਬ ਸਬ ਥਾਂਨ ਰਹੈ ਹੈਂ" ਕਿਉਂਕਿ ਦੇਹ ਸਰੀਰ ਹਰ ਵੇਲੇ ਹਰ ਥਾਂ ਨਹੀਂ ਹੋ ਸਕਦੇ ਅਤੇ ਬਿਨਸਣਹਾਰ ਹਨ। ਜਿਸ ਵਿੱਚ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕਰਕੇ ਦਸਵੇਂ ਪਾਤਸ਼ਾਹ ਨੇ ਗੁਰ ਗੱਦੀ ਦੇ ਕੇ "ਸ਼ਬਦ ਗੁਰੂ ਗ੍ਰੰਥ ਸਾਹਿਬ" ਕਹਿ ਸੀਸ ਨਿਵਾਇਆ। ਇਸ ਗ੍ਰੰਥ ਦਾ ਸਿਧਾਂਤ ਸਰਬੱਤ ਦਾ ਭਲਾ ਮੰਗਦਾ ਹੋਇਆ ਫੁਰਮਾਂਦਾ ਹੈ-ਜਗਤ ਜਲੰਦਾ ਰਖ ਲੈ ਆਪਣੀ ਕ੍ਰਿਪਾਧਾਰ॥ ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ..॥ ਨਾ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕੋ ਬਨਿ ਆਈ॥ ਵਿਦਿਆ ਵੀਚਾਰੀ ਤਾ ਪਰਉਪਕਾਰੀ॥ ਘਾਲਿ ਖਾਇ ਕਿਛ ਹਥਹੁ ਦੇਇ ਨਾਨਕ ਰਾਹੁ ਪਛਾਣੈ ਸੇਇ॥ ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ (ਗੁਰੂ ਗ੍ਰੰਥ)ਸੱਚ ਨਾਲ ਝੂਠ ਹਮੇਸ਼ਾਂ ਟਕਰਾਂਦਾ ਰਿਹਾ ਤੇ ਟਕਰਉਂਦਾ ਰਹੇਗਾ। ਜੋ ਕੌਮਾਂ ਇੱਠੀਆਂ ਹੋ ਕੇ ਮੁਕਾਬਲਾ ਕਰਦੀਆਂ ਨੇ ਉਹ ਸਦਾ ਜੇਤੂ ਰਹਿੰਦੀਆਂ ਹਨ। ਸੋ ਸਾਨੂੰ ਵੀ ਅੱਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੂੰ ਦਿਲੋਂ ਯਾਦ ਕਰਦੇ ਹੋਏ ਆਪਣੇ ਸਾਰੇ ਮਤ-ਭੇਦ ਖ਼ਤਮ ਕਰਕੇ ਡੇਰੇ ਅਤੇ ਸੰਪ੍ਰਦਾਵਾਂ ਨੂੰ ਛੱਡ, ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਇਹ ਹੀ ਗੁਰੂ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਅਤੇ ਫਿਰ ਬਾਬਰ, ਮੁਹੰਮਦ ਬਾਕੀ ਬਿੱਲਾ, ਮੁਰਤਜਾ ਖਾਂ, ਜਹਾਂਗੀਰ, ਬੀਰਬਲ ਬ੍ਰਾਹਮਣ, ਚੰਦੂ ਸ਼ਵਾਹੀਆ, ਔਰੰਗਜ਼ੇਬ, ਜ਼ਕਰੀਆ ਖਾਂ, ਮੀਰ ਮੰਨੂੰ, ਅਜੋਕੇ ਆਰ. ਐਸ. ਐਸ. ਵਰਗੇ ਹਿੰਦੂ, ਡੇਰੇਦਾਰ ਸਾਧ ਅਤੇ ਉਨ੍ਹਾਂ ਦੇ ਪਿਛਲੱਗ ਲੀਡਰ ਸਿੱਖ ਕੌਮ ਦਾ ਨੁਕਸਾਨ ਨਹੀਂ ਕਰ ਸੱਕਣਗੇ ਜੋ ਅੱਜ ਸਰਬਸਾਂਝੇ ਸ਼ਬਦ ਗੁਰੂ ਗ੍ਰੰਥ ਸਾਹਿਬ ਦਾ ਵੀ ਕਰ ਰਹੇ ਹਨ। ਇਸ ਮਾਜਰੇ ਨੂੰ ਸਮਝਣ ਦੀ ਲੋੜ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

**ਸਵੇਰੇ**

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ

**ਸ਼ਾਮ ਦੇ ਦੀਵਾਨ**

ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਦਿਹਾੜਾ ਭਗਤ ਫ਼ਰੀਦ ਦਾ ਮਨਾਇਆ ਜਾਵੇਗਾ ਅਤੇ ਨਗਰ ਸੰਗਢੇਸੀ ਦੀ ਸੰਗਤ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ ਜਿਨ੍ਹਾਂ ਦੇ ਆਰੰਭਤਾ 28 ਅਪਰੈਲ ਦਿਨ ਸ਼ੁੱਕਰਵਾਰ ਨੂੰ 9.30 ਵਜੇ ਹੋਵੇਗੀ ਅਤੇ ਭੋਗ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲੇ ਦੀਵਾਨ ਸਜਣਗੇ,ਗੁਰੂ ਕਾ ਲੰਗਰ ਅਤੁੱਟ ਵਰਤੇਗਾ।



*29 ਅਪ੍ਰੈਲ ਦਿਨ ਸ਼ਨਿਚਰਵਾਰ ਨੂੰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਮਨਜੀਤ ਸਿੰਘ ਪਰਿਵਾਰ ਵੱਲੋਂ ਹੋਵੇਗੀ।

*ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਸਮਸ਼ੇਰ ਸਿੰਘ ਅਤੇ ਬੀਬੀ ਕਿਰਨਦੀਪ ਕੌਰ ਜਸਵਾਲ ਪਰਿਵਾਰ
2. ਭਾਈ ਅੰਗਰੇਜ ਸਿੰਘ ਬਰਾੜ ਪਰਿਵਾਰ।

*30 ਅਪ੍ਰੈਲ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ

1. ਭਾਈ ਨਰਿੰਦਰ ਸਿੰਘ ਅਤੇ ਬੀਬੀ ਬਲਵਿੰਦਰ ਕੌਰ ਥਾਂਦੀ ਪਰਵਾਰ ਵੱਲੋਂ ਹੋਵੇਗੀ।
2. ਬੀਬੀ ਰਾਜਵਿੰਦਰ ਕੌਰ ਪਰਵਾਰ ਵੱਲੋਂ ਅਨੰਦ ਕਾਰਜ ਦੀ ਖੁਸ਼ੀ ਵਿਚ ਹੋਵੇਗੀ।

*ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਜਸਵਿੰਦਰ ਸਿੰਘ ਦਿਉਲ ਪਰਿਵਾਰ ਵੱਲੋਂ ਆਪਣੇ ਬੇਟੇ ਅਵਰਾਜ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ
2. ਬੀਬੀ ਗੁਰਿੰਦਰ ਕੌਰ ਪਰਿਵਾਰ ਵੱਲੋਂ ਬੇਟੇ ਗੁਰਦਿੱਤ ਸਿੰਘ ਦੇ ਚੌਥੇ ਜਨਮ ਦਿਨ ਦੀ ਖੁਸ਼ੀ ਵਿਚ

*2 ਮਈ ਦਿਨ ਮੰਗਲਵਾਰ ਨੂੰ ਸਾਂਮ ਦੇ ਕੀਰਤਨ ਤੇ ਲੰਗਰਾਂ ਦੀ ਸੇਵਾ ਭਾਈ ਗੁਰਮੁਖ ਸਿੰਘ ਚਾਹਿਲ ਪਰਿਵਾਰ ਵੱਲੋਂ ਬੱਚੇ ਦੇ ਜਨਮ ਦੇ ਜਨਮ ਦੀ ਖੁਸ਼ੀ ਵਿਚ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ ਕਥਾਵਾਚਕ:ਭਾਈ ਨਛੱਤਰ ਸਿੰਘ ਭਾਂਬੜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ ਸੁਲਤਾਨਪੁਰ ਲੋਧੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224, ਫੈਕਸ:604-572-3276**

# ਹਸਗੁੱਲੇ

ਪਤਨੀ, ''ਸੁਣੋ ਜੀ! ਇਹ ਪ੍ਰਸਨਲ, ਸੀਕ੍ਰੇਟ ਤੇ ਟਾਪ ਸੀਕ੍ਰੇਟ ਵਿੱਚ ਕੀ ਫ਼ਰਕ ਹੁੰਦਾ ਹੈ?''

ਪਤੀ, ''ਦੇਖ, ਤੂੰ ਮੈਨੂੰ ਪਸੰਦ ਹੈ, ਇਹ ਪ੍ਰਸਨਲ ਹੈ, ਤੇਰੀ ਸਹੇਲੀ ਮੈਨੂੰ ਪਸੰਦ ਹੈ, ਇਹ ਸੀਕ੍ਰੇਟ ਹੈ ਅਤੇ ਤੇਰੀ ਸਹੇਲੀ ਨੂੰ ਵੀ ਮੈਂ ਪਸੰਦ ਹਾਂ, ਇਹ ਟਾਪ ਸੀਕ੍ਰੇਟ ਹੈ।''

********

ਆਂਟੀ, ''ਮੈਨੂੰ ਇਹ ਅੱਜਕੱਲ੍ਹ ਦੇ ਲੜਕੇ ਬਿਲਕੁਲ ਪਸੰਦ ਨਹੀਂ ਹਨ।'' ਪੱਪੂ, ''ਵੈਸੇ, ਆਂਟੀ ਤੁਹਾਡੀ ਉਮਰ ਵੀ ਲੜਕੇ ਪਸੰਦ ਕਰਨ ਦੀ ਨਹੀਂ।''

********

ਮਾਸਟਰ ਜੀ, ''ਦੇਖੋ ਬੱਚਿਓ, ਗਰੀਬਾਂ ਨਾਲ ਹਮੇਸ਼ਾ ਪਿਆਰ ਨਾਲ ਪੇਸ਼ ਆਉਣਾ ਚਾਹੀਦਾ ਹੈ।''

ਲੜਕਾ, '' ਸਮਝਿਆ।''

ਮਾਸਟਰ ਜੀ, ''ਕੀ ਸਮਝਿਆ।''

ਲੜਕਾ, ''ਤਾਂ ਹੀ ਮੈਂ ਕਹਾਂ ਕਿ ਪਾਪਾ ਰੋਜ਼ ਨੌਕਰਾਣੀ ਨੂੰ ਗਲੇ ਕਿਉਂ ਲਗਾਉਂਦੇ ਹਨ।''

*******

ਪਤੀ ਸੋਫੇ ਉੱਤੇ ਲੇਟਿਆ ਸੀ, ਉਦੋਂ ਹੀ ਪਤਨੀ ਨੇ ਉਸ ਦੇ ਸਿਰ ਉੱਤੇ ਡੰਡਾ ਮਾਰਿਆ...

ਪਤੀ, ''ਓ! ਡੰਡਾ ਕਿਉਂ ਮਾਰਿਆ।''

ਪਤਨੀ, ''ਤੁਹਾਡੀ ਜੇਬ ਵਿੱਚੋਂ ਇੱਕ ਪਰਚੀ ਮਿਲੀ ਹੈ, ਜਿਸ ਉੱਤੇ 'ਜੂਲੀ' ਲਿਖਿਆ ਹੈ।''

ਪਤੀ, ''ਉਹ ਰੇਸ ਦੀ ਘੋੜੀ ਦਾ ਨਾਂਅ ਹੈ, ਪਿਛਲੇ ਐਤਵਾਰ ਰੇਸ ਖੇਡਣ ਗਿਆ ਸੀ ਨਾ।''

ਪਤਨੀ, ''ਮੈਨੂੰ ਮੁਆਫ ਕਰ ਦਿਓ, ਮੈਂ ਤੁਹਾਡੇ ਉੱਤੇ ਸ਼ੱਕ ਕੀਤਾ।''

ਚਾਰ ਦਿਨ ਬਾਅਦ ਜਦੋਂ ਪਤੀ ਘਰ ਅੰਦਰ ਵੜ੍ਹਿਆ ਹੀ ਸੀ ਤਾਂ ਫਿਰ ਤੋਂ ਡੰਡਾ ਪਿਆ...

ਪਤੀ, ''ਅੱਜ ਕਿਉਂ ਮਾਰਿਆ?''

ਪਤਨੀ, ''ਤੁਹਾਡੀ 'ਜੂਲੀ' ਨਾਂਅ ਦੀ ਘੋੜੀ ਦਾ ਅੱਜ ਫੋਨ ਆਇਆ ਸੀ।''

*******

ਚਿੰਪੂ ਆਪਣੀ ਬਿਮਾਰ ਦਾਦੀ ਨੂੰ ਮੁਹੱਲੇ ਦੇ ਡਾਕਟਰ ਕੋਲ ਦਿਖਾਉਣ ਲੈ ਗਿਆ। ਡਾਕਟਰ, ''ਮੂੰਹ ਖੋਲ੍ਹੋ ਦਾਦੀ।''

ਦਾਦੀ, ''ਤੇਰੀ ਪਤਨੀ ਰੋਜ਼ ਸ਼ਾਮ ਤੇਰੇ ਗੁਆਂਢੀ ਰਾਜੂ ਨੂੰ ਮਿਲਦੀ ਹੈ।

ਏਦੂੰ ਵੱਧ ਮੇਰਾ ਮੂੰਹ ਨਾ ਖੁੱਲ੍ਹਵਾਈਂ

ਪਿਤਾ (ਪੁੱਤਰ ਨੂੰ), ''ਬੇਟਾ, ਜੇ ਸਹੁਰੇ ਘਰ ਵਾਲੇ ਬਾਈਕ ਦੇਣ ਤਾਂ ਕਾਰ ਮੰਗੀਂ, ਪਲਾਟ ਦੇਣ ਦਾ ਫਲੈਟ ਮੰਗੀ...।''

ਬੇਟਾ, ''ਪਾਪਾ, ਜੇ ਉਹ ਕੁੜੀ ਦੇਣਗੇ ਤਾਂ ਮੈਂ ਕੁੜੀ ਦੀ ਮਾਂ ਮੰਗ ਲਵਾਂਗਾ।''

********

ਜੋਤਸ਼ੀ ਮੁੰਡੇ ਦਾ ਹੱਥ ਦੇਖ ਕੇ ਬੋਲਿਆ, ''ਬੇਟਾ, ਤੂੰ ਬਹੁਤ ਪੜ੍ਹੇਂਗਾ।''

ਮੁੰਡਾ, ''ਮਹਾਰਾਜ! ਪੜ੍ਹ ਤਾਂ ਕਈ ਸਾਲਾਂ ਤੋਂ ਰਿਹਾ ਹਾਂ, ਤੁਸੀਂ ਇਹ ਦੱਸੋ ਕਿ ਮੈਂ ਪਾਸ ਕਦੋਂ ਹੋਵਾਂਗਾ।''

********

ਇੱਕ ਸ਼ਰਾਬੀ ਸੜਕ ਕੰਢੇ ਬਹੁਤ ਜ਼ਿਆਦਾ ਪੀਣ ਕਾਰਨ ਬੇਸੁੱਧ ਜਿਹਾ ਪਿਆ ਸੀ।

ਇੱਕ ਭਲੇ ਆਦਮੀ ਨੇ ਉਸ ਕੋਲ ਆ ਕੇ ਪੁੱਛਿਆ, ''ਆਖਰ ਇੰਨੀ ਜ਼ਿਆਦਾ ਪੀਣ ਦੀ ਕੀ ਲੋੜ ਸੀ?''

ਸ਼ਰਾਬੀ, ''ਮਜਬੂਰੀ ਸੀ, ਪੀਣ ਤੋਂ ਇਲਾਵਾ ਹੋਰ ਕੋਈ ਚਾਰਾ ਹੀ ਨਹੀਂ ਸੀ।''

ਭਲਾ ਆਓਦਮੀ, ''ਆਖਰ ਅਜਿਹੀ ਕੀ ਮਜਬੂਰੀ ਹੋ ਗਈ ਸੀ?''

ਸ਼ਰਾਬੀ, ''ਬੋਤਲ ਦਾ ਢੱਕਣ ਗੁਆਚ ਗਿਆ ਸੀ।''

********

ਸਿੰਗਲਾ, ''ਮੈਂ ਦੁਨੀਆ ਦੇ ਹਰ ਤਰ੍ਹਾਂ ਦੇ ਹਸਪਤਾਲਾਂ ਵਿੱਚ ਹੋ ਕੇ ਆਇਆ ਹਾਂ।

ਸੁਮਿਤ, ''ਨਹੀਂ, ਤੂੰ ਅਜੇ ਤੱਕ ਇਕ ਹਸਪਤਾਲ ਵਿੱਚ ਨਹੀਂ ਗਿਆ ਹੋਵੇਂਗਾ।''

ਸਿੰਗਲਾ, ''ਹੋ ਹੀ ਨਹੀਂ ਸਕਦਾ, ਤੂੰ ਉਸ ਹਸਪਤਾਲ ਦਾ ਨਾਂ ਦੱਸ।''

ਸੁਮਿਤ, ''ਜ਼ਨਾਨਾ ਹਸਪਤਾਲ।''

ਸਿੰਗਲਾ, ''ਮੈਂ ਉਥੇ ਵੀ ਸੀ।''

ਸੁਮਿਤ, ''ਅੱਛਾ ਉਹ ਕਿਵੇਂ?''

ਸਿੰਗਲਾ, ''ਓ ਯਾਰਾ! ਉਥੇ ਹੀ ਤਾਂ ਮੈਂ ਪੈਦਾ ਹੋਇਆ ਸੀ।''

********

ਡਾਕਟਰ (ਮਰੀਜ਼ ਦੇ ਦੋਸਤ ਨੂੰ), 'ਜੇ ਇਕ ਘੰਟਾ ਪਹਿਲਾਂ ਇਸ ਨੂੰ ਲੈ ਆਉਂਦੇ ਤਾਂ ਇਸ ਨੂੰ ਬਚਾ ਲੈਂਦੇ।''

ਮਰੀਜ਼ ਦਾ ਦੋਸਤ, ''ਓ ਡਾਕਟਰ ਸਾਹਿਬ, 15 ਮਿੰਟ ਪਹਿਲਾਂ ਤਾਂ ਐਕਸੀਡੈਂਟ ਹੋਇਆ ਹੈ।''

********

ਮਹਿੰਦਰ, ''ਯਾਰ! ਮੈਨੂੰ ਉਸ ਕੁੜੀ ਤੋਂ ਬਚਾ।''

ਵਿਨੋਦ, ''ਕਿਉਂ?''

ਮਹਿੰਦਰ, ''ਜਦੋਂ ਤੋਂ ਮੈਂ ਕਿਹਾ ਹੈ ਕਿ ਦਿਲ ਚੀਰ ਕੇ ਦੇਖ, ਇਸ ਵਿੱਚ ਤੇਰਾ ਹੀ ਨਾਂ ਲਿਖਿਆ ਹੋਵੇਗਾ, ਸਾਲੀ ਚਾਕੂ ਲੈ ਕੇ ਮੇਰੇ ਪਿੱਛੇ ਹੀ ਪੈ ਗਈ ਹੈ।''

********

ਵਿਆਹ ਦੌਰਾਨ ਕੁੜੀ ਸ਼ਰਮਾਉਂਦੀ ਹੋਈ ਬੋਲੀ,''ਸੁਣੋ ਜੀ, ਅੱਜ ਤੋਂ ਤੁਹਾਡੇ ਬਿਨਾਂ ਮੈਂ ਨਹੀਂ ਅਤੇ ਮੇਰੇ ਬਿਨਾਂ ਤੁਸੀਂ ਨਹੀਂ।''

ਵਿਆਹ ਤੋਂ ਚਾਰ ਸਾਲ ਬਾਅਦ ਉਹੋ ਪਤਨੀ, ''ਕੁੱਤੇ ਰੁੱਕ ਜਾ, ਅੱਜ ਜਾਂ ਤੂੰ ਨਹੀਂ ਜਾਂ ਮੈਂ ਨਹੀਂ।''

********

ਗਰਲਫ੍ਰੈਂਡ, ''ਇਸ ਹਫਤੇ ਰੋਜ਼ ਸ਼ਾਪਿੰਗ ਕਰਾਂਗੇ, ਅਗਲੇ ਹਫਤੇ ਰੋਜ਼ ਫਿਲਮਾਂ ਦੇਖਾਂਗੇ।''

ਬੁਆਇਫਰੈਂਡ, ''ਉਸ ਤੋਂ ਅਗਲੇ ਹਫਤੇ ਰੋਜ਼ ਮੰਦਰ ਜਾਵਾਂਗੇ।''

ਗਰਲਫਰੈਂਡ, ''ਉਹ ਕਿਉਂ?''

ਬੁਆਏਫ੍ਰੈਂਡ, ''ਭੀਖ ਮੰਗਾਂਗੇ।''

ਇੱਕ ਸ਼ਰਾਬੀ ਨੇ ਆਪਣੀ ਪਤਨੀ ਨੂੰ ਆਫਿਸ ਪਾਰਟੀ ਤੋਂ ਐਸ ਐਮ ਐਸ ਕੀਤਾ, 'ਪਾਰਟੀ ਖਤਮ ਹੋਣ ਵਾਲੀ ਹੈ, ਇਹ ਆਖਰੀ ਪੈਗ ਹੈ, ਮੈਂ ਅੱਧੇ ਘੰਟੇ ਵਿੱਚ ਘਰ ਪਹੁੰਚ ਜਾਵਾਂਗਾ, ਜੇ ਨਾ ਪਹੁੰਚਿਆ ਤਾਂ ਇਸ ਐਸ ਐਮ ਐਸ ਨੂੰ ਮੁੜ ਪੜ੍ਹ ਲਵੀਂ, ਯੂਅਰ ਲਵ।'

********

ਪ੍ਰੇਮੀ-ਪ੍ਰੇਮਿਕਾ ਨੇ ਜਦ ਇੱਕ ਦੂਜੇ ਨਾਲ ਵਿਆਹ ਕਰਨ ਦਾ ਵਾਅਦਾ ਕਰ ਲਿਆ ਤਾਂ ਪ੍ਰੇਮਿਕਾ ਬੋਲੀ, 'ਡਾਰਲਿੰਗ, ਇੱਕ ਗੱਲ ਮੈਂ ਸਾਫ ਦੱਸ ਦਿਆਂ ਕਿ ਮੈਨੂੰ ਖਾਣਾ ਬਣਾਉਣਾ ਨਹੀਂ ਆਉਂਦਾ।'

ਪ੍ਰੇਮੀ, ''ਕੋਈ ਗੱਲ ਨਹੀਂ ਡਾਰਲਿੰਗ, ਮੈਂ ਵੀ ਪਹਿਲਾਂ ਹੀ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਕਵੀ ਹਾਂ ਅਤੇ ਮੇਰੇ ਘਰ 'ਚ ਪਕਾਉਣ ਲਈ ਕੁਝ ਹੈ ਹੀ ਨਹੀਂ।''

********

ਮਹਾਤਮਾ (ਸ਼ਰਾਬੀ ਨੂੰ), ''ਤੇਰੇ ਸਾਹਾਂ 'ਚ ਸ਼ਰਾਬ ਦੀ ਇੰਨੀ ਬਦਬੂ ਆਉਂਦੀ ਹੈ ਕਿ ਤੈਨੂੰ ਸਵਰਗ 'ਚ ਤਾਂ ਕੀ, ਨਰਕ 'ਚ ਵੀ ਜਗ੍ਹਾ ਨਹੀਂ ਮਿਲੇਗੀ...।''

ਸ਼ਰਾਬੀ, ''...ਪਰ ਮਹਾਤਮਾ ਜੀ, ਮਰਨ ਤੋਂ ਬਾਅਦ ਤਾਂ ਮੈਂ ਆਪਣੇ ਸਾਹ ਇਥੇ ਹੀ ਛੱਡ ਜਾਵਾਂਗਾ।''

********

ਪਿਤਾ (ਬੇਟੇ ਨੂੰ), ''ਦੇਖੋ ਬੇਟਾ, ਜੂਆ ਨਹੀਂ ਖੇਡਦੇ। ਇਹ ਅਜਿਹੀ ਆਦਤ ਹੈ ਕਿ ਜੇ ਇਸ 'ਚ ਅੱਜ ਜਿੱਤੇਂਗਾ ਤਾਂ ਕੱਲ੍ਹ ਨੂੰ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ...।''

ਬੇਟਾ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇੱਕ ਦਿਨ ਛੱਡ ਕੇ ਖੇਡਿਆ ਕਰਾਂਗਾ...।''

********

ਪਿਤਾ (ਬੇਟੇ ਨੂੰ ਫੋਨ ਉੱਤੇ), ''ਕਿੱਥੇ ਏਂ ਬੇਟਾ?''

ਬੇਟਾ, ''ਹੋਸਟਲ ਵਿੱਚ ਹਾਂ, ਪਾਪਾ, ਪ੍ਰੀਖਿਆਵਾਂ ਹੋਣ ਵਾਲੀਆਂ ਹਨ, ਇਸ ਲਈ ਦਿਨ-ਰਾਤ ਪੜ੍ਹ ਰਿਹਾ ਹਾਂ, ਵੈਸੇ ਤੁਸੀਂ ਕਿੱਥੇ ਹੋ?''

ਪਿਤਾ, ''ਬੇਟਾ, ਜਿਸ ਠੇਕੇ ਉੱਤੇ ਤੂੰ ਖੜ੍ਹਾ ਹੈਂ ਨਾ, ਮੈਂ ਵੀ ਠੀਕ ਤੇਰੇ ਪਿੱਛੇ ਖੜਾ ਹਾਂ।''

********

ਸ਼ਹਿਰ ਤੋਂ ਗਏ ਇੱਕ ਬਾਬੂ ਸਾਹਿਬ ਰਾਜਸਥਾਨ ਦੇ ਰੇਤਲੇ ਪਿੰਡ ਦੇ ਚੌਧਰੀ ਸਾਹਿਬ ਨੂੰ ਬੋਲੇ, ''ਮੈਂ ਇੱਥੇ ਗਰਾਮ ਸੇਵਾ ਕਰਨ ਆਇਆ ਹਾਂ। ਮੈਨੂੰ ਕੋਈ ਵੱਡਾ ਸਾਰਾ ਕੰਮ ਦੱਸੋ।''

''ਠੀਕ ਹੈ, ਸਭ ਤੋਂ ਪਹਿਲਾਂ ਤੁਸੀਂ ਸਾਹਮਣੇ ਖੜੇ ਇਸ ਊਠ ਨੂੰ ਨਵ੍ਹਾਓ।'' ਚੌਧਰੀ ਸਾਹਿਬ ਬੋਲੇ।

********

ਅਭੈ ਜ਼ੋਰ-ਜ਼ੋਰ ਨਾਲ ਆਪਣਾ ਵਿਗਿਆਨ ਦਾ ਸਬਕ ਪੜ੍ਹ ਰਿਹਾ ਸੀ, ''ਜਦੋਂ ਸੇਬ ਦਰੱਖਤ ਤੋਂ ਹੇਠਾਂ ਡਿੱਗਿਆ ਤਾਂ ਨਿਊਟਨ ਬਹੁਤ ਹੈਰਾਨ ਹੋਇਆ।''

''ਇਸ ਵਿੱਚ ਹੈਰਾਨੀ ਦੀ ਕੀ ਗੱਲ ਸੀ? ਹੈਰਾਨੀ ਦੀ ਗੱਲ ਤਾਂ ਉਦੋਂ ਹੁੰਦੀ, ਜਦੋਂ ਸੇਬ ਹੇਠਾਂ ਤੋਂ ਉਪਰ ਜਾਂਦਾ।'' ਛੋਟੀ ਭੈਣ ਅੰਸ਼ੁਲਾ ਨੇ ਵਿਚਾਲੇ ਹੀ ਟੋਕ ਕੇ ਕਿਹਾ।

ਅਧਿਆਪਕ ਨੇ ਜਸਜੋਤ ਨੂੰ ਪੁੱਛਿਆ, ''ਬੇਟਾ, ਤੇਰੇ ਪਿਤਾ ਜੀ ਕੀ ਕਰਦੇ ਹਨ?''

ਜਸਜੋਤ ਨੇ ਮਾਸੂਮੀਅਤ ਨਾਲ ਜਵਾਬ ਦਿੱਤਾ, ''ਜੋ ਮੰਮੀ ਕਹਿੰਦੇ ਹਨ।''

**************

ਡਾਕਟਰ (ਮਰੀਜ਼ ਨੂੰ), ''ਇਸ ਤੋਂ ਪਹਿਲਾਂ ਤੁਸੀਂ ਕਦੋਂ ਬੇਹੋਸ਼ ਹੋਏ ਸੀ?'' ਮਰੀਜ਼, ''ਹਾਂ, ਪਿਛਲੀ ਵਾਰ ਜਦੋਂ ਤੁਸੀਂ ਮੈਨੂੰ ਆਪਣੀ ਫੀਸ ਦੱਸੀ ਸੀ।''

**************

ਪਿਓ (ਧੀ ਨੂੰ), ''ਜਿਸ ਨੂੰ ਪਸੰਦ ਕਰਦੀ ਏਂ, ਉਸ ਕੋਲ ਗੱਡੀ, ਬੰਗਲਾ ਤੇ ਜਾਇਦਾਦ ਤਾਂ ਹੈ ਨਾ?''

ਧੀ, ''ਹਾਏ ਰੱਬਾ! ਸਾਰੇ ਮਰਦ ਇਕੋ ਜਿਹੇ ਹੁੰਦੇ ਹਨ, ਉਹ ਵੀ ਤੁਹਾਡੇ ਬਾਰੇ ਇਹੋ ਪੁੱਛ ਰਿਹਾ ਸੀ।''

**************

ਚੰਪੂ (ਦੋਸਤ ਨੂੰ), ''ਕੀ ਗੱਲ ਹੈ, ਅੱਜ ਕੱਲ੍ਹ ਤੇਰੀ ਪਤਨੀ ਚੁੱਪਚਾਪ ਜਿਹੀ ਰਹਿੰਦੀ ਹੈ?''

ਦੋਸਤ, ''ਅਸਲ ਵਿੱਚ ਇਕ ਦਿਨ ਜਦੋਂ ਅਸੀਂ ਫੋਟੋ ਖਿਚਵਾਂ ਰਹੇ ਸੀ ਤਾਂ ਫੋਟੋਗ੍ਰਾਫਰ ਨੇ ਮੇਰੀ ਪਤਨੀ ਨੂੰ ਕਹਿ ਦਿੱਤਾ ਕਿ ਜਦੋਂ ਤੁਸੀਂ ਬੁੱਲ੍ਹ ਬੰਦ ਰੱਖਦੇ ਹੋ ਤਾਂ ਕ੍ਰਿਸ਼ਮਾ ਕਪੂਰ ਵਰਗੇ ਲੱਗਦੇ ਹੋ। ਬਸ ਉਸ ਵੇਲੇ ਤੋਂ ਹੀ ਚੁੱਪ ਰਹਿਣ ਲੱਗੀ ਹੈ।''

**************

ਪ੍ਰੇਮਿਕਾ (ਪ੍ਰੇਮੀ ਨੂੰ), ''ਸਾਹਮਣੇ ਖਿੜਕੀ ਵਿੱਚ ਜਿਹੜੇ ਤੋਤਾ-ਮੈਨਾ ਬੈਠੇ ਹਨ, ਦੋਵੇਂ ਰੋਜ਼ ਇਥੇ ਆਉਂਦੇ ਹਨ, ਇਕੱਠੇ ਬੈਠਦੇ ਹਨ, ਗੱਲਾਂ ਕਰਦੇ ਹਨ ਅਤੇ ਇਕ ਅਸੀਂ ਹਾਂ ਕਿ ਹਮੇਸ਼ਾ ਲੜਦੇ ਹੀ ਰਹਿੰਦੇ ਹਾਂ।''

ਪ੍ਰੇਮੀ, ''ਤੂੰ ਇਕ ਚੀਜ਼ ਵੱਲ ਧਿਆਨ ਨਹੀਂ ਦਿੱਤਾ। ਇਥੇ ਬੈਠਣ ਵਾਲੇ ਜੋੜੇ ਵਿੱਚੋਂ ਤੋਤਾ ਤਾਂ ਰੋਜ਼ ਉਹੋ ਹੁੰਦਾ ਹੈ, ਪਰ ਮੈਨਾ ਹਮੇਸ਼ਾ ਨਵੀਂ ਹੁੰਦੀ ਹੈ।''

**************

ਪਤੀ (ਪਤਨੀ ਨੂੰ), ''ਤੂੰ ਅੱਜ ਕੱਲ੍ਹ ਬੜੀ ਸੋਹਣੀ ਹੁੰਦੀ ਜਾ ਰਹੀ ਏਂ।'' ਪਤਨੀ, ''ਉਹ ਕਿਵੇਂ?''

ਪਤੀ, ''ਤੈਨੂੰ ਦੇਖ ਕੇ ਤਾਂ ਰੋਟੀਆਂ ਵੀ ਸੜਨ ਲੱਗੀਆਂ ਹਨ।''

*************

GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber




Amarjit Singh Garcha

604-306-3276

Big Or Small, We Do It All

AMAYA LIVING



60 LUXURIOUS CONDOS

• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# ਭਾਜਪਾ ਨੂੰ ਹੀਰੋ ਤੋਂ ਜ਼ੀਰੋ ਬਣਾਉਣ ਲਈ ਮਹਾਂ-ਗਠਜੋੜ 'ਤੇ ਇਤਰਾਜ਼ ਨਹੀਂ:ਮਮਤਾ

ਕੋਲਕਾਤਾ: ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਹਰਾਉਣ ਲਈ ਆਪੋਜ਼ੀਸ਼ਨ ਪਾਰਟੀਆਂ ਦੀ ਏਕਤਾ ਦੇ ਸੰਬੰਧ ਵਿਚ ਸੋਮਵਾਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਮੁਲਾਕਾਤ ਕੀਤੀ।

ਨਿਤੀਸ਼ ਦੇ ਨਾਲ ਉਨ੍ਹਾ ਦੇ ਡਿਪਟੀ ਤੇਜਸਵੀ ਯਾਦਵ ਵੀ ਸਨ। ਮੀਟਿੰਗ ਨੂੰ ਉਸਾਰੂ ਦੱਸਿਆ ਗਿਆ।ਮੀਟਿੰਗ ਤੋਂ ਬਾਅਦ ਬੈਨਰਜੀ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾਮੈਨੂੰ ਮਹਾਂ-ਗੱਠਜੋੜ 'ਤੇ ਕੋਈ ਇਤਰਾਜ਼ ਨਹੀਂ, ਪਰ ਪਹਿਲਾਂ ਸਾਨੂੰ ਇਹ ਸੁਨੇਹਾ ਦੇਣਾ ਪੈਣਾ ਕਿ ਅਸੀਂ ਸਾਰੇ ਇੱਕਠੇ ਹਾਂ।

ਸੂਤਰਾਂ ਮੁਤਾਬਕ ਮੀਟਿੰਗ ਵਿਚ ਦੋਹਾਂ ਧਿਰਾਂ ਨੇ ਇਹ ਵਿਚਾਰਾਂ ਕੀਤੀਆਂ ਕਿ ਕਾਰਆਮਦ ਕੁਲੀਸ਼ਨ ਕਿਵੇਂ ਬੁਣੀ ਜਾ ਸਕਦੀ ਹੈ। ਨਿਤੀਸ਼ ਕੁਮਾਰ ਨੇ ਕਿਹਾ



ਭਾਰਤ ਦੇ ਵਿਕਾਸ ਲਈ ਕੁਝ ਨਹੀਂ ਕੀਤਾ ਜਾ ਰਿਹਾ, ਹੁਕਮਰਾਨ ਆਪਣੀ ਮਸ਼ਹੂਰੀ ਕਰਾਉਣ ਵਿਚ ਹੀ ਮਸ਼ਗੁਲ ਹਨ। ਮਮਤਾ ਨੇ ਕਿਹਾਮੈਂ ਨਿਤੀਸ਼ ਕੁਮਾਰ ਨੂੰ ਇੱਕ ਹੀ ਬੇਨਤੀ ਕੀਤੀ ਹੈ।

ਜੈਪ੍ਰਕਾਸ਼ ਜੀ ਦੀ ਲਹਿਰ ਬਿਹਾਰ ਤੋਂ ਸ਼ੁਰੂ ਹੋਈ ਸੀ। ਜੇ ਆਪਾਂ ਬਿਹਾਰ ਵਿਚ ਸਰਬ-ਪਾਰਟੀ ਮੀਟਿੰਗ ਕਰ ਲਈਏ ਤਾਂ ਆਪਾਂ ਫੈਸਲਾ ਕਰ ਸਕਦੇ ਹਾਂ ਕਿ ਅੱਗੇ ਕਿੱਧਰ ਨੂੰ ਜਾਣਾ।

ਮੈਂ ਭਾਜਪਾ ਨੂੰ ਜ਼ੀਰੋ ਦੇਖਣਾ ਚਾਹੁੰਦੀ ਹਾਂ।ਉਹ ਮੀਡੀਆ ਤੇ ਝੂਠ ਦੇ ਸਹਾਰੇ ਹੀਰੋ ਬਣ ਗਏ ਹਨ।ਆਪੋਜ਼ੀਸ਼ਨ ਏਕਤਾ ਵਿਚ ਕਾਂਗਰਸ ਦੀ ਸ਼ਮੂਲੀਅਤ ਬਾਰੇ ਪੁੱਛੇ ਜਾਣ 'ਤੇ ਮਮਤਾ ਨੇ ਕਿਹਾਸਾਰੀਆਂ ਪਾਰਟੀਆਂ ਸ਼ਾਮਲ ਹੋਣਗੀਆਂ।

# ਮੋਰਿੰਡਾ 'ਚ ਬੇਅਦਬੀ ਦੀ ਘਟਨਾ ਖ਼ਿਲਾਫ਼ ਧਰਨਾ ਸਮਾਪਤ

ਮੋਰਿੰਡਾ(ਲਖਵੀਰ ਸਿੰਘ): ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿੱਚ ਵਾਪਰੀ ਬੇਅਦਬੀ ਦੀ ਘਟਨਾ ਦੇ ਰੋਸ ਵਜੋਂ ਵੱਡੀ ਗਿਣਤੀ ਵਿੱਚ ਇਕੱਠੀ ਹੋਏ ਸੰਗਤ ਵੱਲੋਂ ਮੰਗਲਵਾਰ ਨੂੰ ਮੋਰਿੰਡਾ ਸ਼ਹਿਰੀ ਥਾਣੇ ਅੱਗੇ ਧਰਨਾ ਦਿੱਤਾ ਗਿਆ।ਪ੍ਰਸ਼ਾਸਨ ਵੱਲੋਂ ਇਨਸਾਫ਼ ਦਿੱਤੇ ਜਾਣ ਦੇ ਭਰੋਸੇ ਮਗਰੋਂ ਸੰਗਤਾਂ ਨੇ ਧਰਨਾ ਸਮਾਪਤ ਕਰ ਦਿੱਤਾ।ਸ਼ਹਿਰ ਵਿੱਚ ਦੂਜੇ ਦਿਨ ਵੀ ਰੋਸ ਵਜੋਂ ਬਾਜ਼ਾਰ ਬੰਦ ਰਹੇ।ਇਕੱਠੀ ਹੋਈ ਸੰਗਤ ਵੱਲੋਂ ਕੁਰਾਲੀ ਟੀ-ਪੁਆਇੰਟ 'ਤੇ ਆਵਾਜਾਈ ਠੱਪ ਕੀਤੀ ਗਈ ਸੀ।ਇਸ ਦੌਰਾਨ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਨੇ ਵੀ ਧਰਨੇ 'ਤੇ ਬੈਠੀ ਸੰਗਤ ਨਾਲ ਗੱਲ ਕੀਤੀ ਅਤੇ ਧਰਨਾ ਉਠਾਉਣ ਦੀ ਅਪੀਲ ਕੀਤੀ। ਉੱਧਰ, ਇਸ ਮਾਮਲੇ ਦੀ ਪੈਰਵਾਈ ਲਈ ਗੁਰਦੁਆਰਾ ਕਮੇਟੀ ਵੱਲੋਂ ਇਕ ਪੰਜ ਮੈਂਬਰ ਕਮੇਟੀ ਦਾ ਗਠਨ ਕੀਤਾ ਗਿਆ ਹੈ।ਉਧਰ ਬੇਅਦਬੀ ਦੀ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਮੁਲਜ਼ਮ ਖ਼ਿਲਾਫ਼ ਰੋਪੜ ਦੀ ਬਾਰ ਐਸੋਸੀਏਸ਼ਨ ਨੇ ਸਖ਼ਤ ਫ਼ੈਸਲਾ ਲੈਂਦੇ ਹੋਏ ਮੁਲਜ਼ਮ ਦਾ ਕੇਸ ਕਿਸੇ ਵੀ ਵਕੀਲ ਵੱਲੋਂ ਨਾ ਲੜੇ ਜਾਣ ਦਾ ਐਲਾਨ ਕੀਤਾ ਹੈ।ਵਕੀਲਾਂ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ।ਰੋਪੜ ਬਾਰ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕੋਸ਼ਿਸ਼ ਰਹੇਗੀ ਕਿ ਰੋਪੜ ਜ਼ਿਲ੍ਹੇ ਦਾ ਕੋਈ ਵੀ ਵਕੀਲ ਮੁਲਜ਼ਮ ਦਾ ਕੇਸ ਨਾ ਲੜੇ।

# ਪਾਦਰੀ ਦੇ ਅੰਧ ਵਿਸ਼ਵਾਸ਼ ਨੇ 47 ਲੋਕਾਂ ਦੀ ਲਈ ਜਾਨ

ਨੈਰੋਬੀ:ਅਫ਼ਰੀਕੀ ਦੇਸ਼ ਕੀਨੀਆ 'ਚ ਪਾਦਰੀ ਦੇ ਕਹਿਣ 'ਤੇ 47 ਲੋਕਾਂ ਨੇ ਭੁੱਖੇ ਰਹਿ ਕੇ ਸਮੂਹਿਕ ਖੁਦਕਸ਼ੀ ਕਰ ਲਈ।ਪੁਲਿਸ ਨੂੰ ਇਹ ਲਾਸ਼ਾਂ ਇੱਕ ਪੁਜਾਰੀ ਦੀ ਜ਼ਮੀਨ ਤੋਂ ਮਿਲੀਆਂ ਹਨ।ਕੀਨੀਆ ਦੇ ਸ਼ਾਕਾਹੋਲਾ ਜੰਗਲ ਵਿਚ ਪੁਲਿਸ ਨੂੰਅਜੇ ਵੀ ਹੋਰ ਲਾਸ਼ਾਂ ਮਿਲ ਰਹੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਗੁੱਡ ਨਿਊਜ਼ ਇੰਟਰਨੈਸ਼ਨਲ ਚਰਚ ਦੇ ਇਕ ਪਾਦਰੀ ਨੇ ਇਨ੍ਹਾਂ ਲੋਕਾਂ ਨੂੰ ਕਿਹਾ ਸੀ ਕਿ ਜੇਕਰ ਉਹ ਭੁੱਖੇ ਮਰ ਕੇ ਆਪਣੇ ਆਪ ਨੂੰ ਦਫ਼ਨ ਕਰ ਲੈਣ ਤਾਂ ਉਹ ਸਵਰਗ ਵਿਚ ਜਾ ਕੇ ਯਿਸੂ ਨੂੰ ਮਿਲਣਗੇ। ਹਾਲਾਂਕਿ ਪਿਛਲੇ ਤਿੰਨ ਦਿਨਾਂ ਤੋਂ ਪਲਿਸ ਵੱਲੋਂ ਇਨ੍ਹਾਂ ਲੋਕਾਂ ਦੀਆਂ ਲਾਸ਼ਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ ਅਤੇ ਲਾਸ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ।









ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

28 ਅਪ੍ਰੈਲ ਦਿਨ ਸ਼ੁੱਕਰਵਾਰ

ਅਰੰਭ ਸ੍ਰੀ ਅਖੰਡਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਭਗਤ ਦੁਨੀਚੰਦ ਜੀ ਦੀ ਯਾਦ ਦੇ ਵਿੱਚ:ਸਮੂਹ ਸਾਧ ਸੰਗਤ ਪਿੰਡ ਮਹੀਆਂ ਵਾਲਾਂ,
ਪਾਠ ਅਰੰਭ ਗੈਲਰੀ ਹਾਲ ਵਿਖੇ ਸਵੇਰੇ 10 ਵਜੇ

29 ਅਪ੍ਰੈਲ ਦਿਨ ਸ਼ਨੀਵਾਰ

*ਅਨੰਦ ਕਾਰਜ ਦੀ ਰਸਮ ਗੁਰਪ੍ਰੀਤ ਕੌਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।
*ਸ੍ਰੀ ਸੁਖਮਨੀ ਸਹਿਬ ਪਾਠ ਗੈਲਰੀ ਹਾਲ ਵਿਖੇ ਸ. ਨਛੱਤਰ ਸਿੰਘ ਜਵੰਦਾ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ
*ਸ੍ਰੀ ਸੁਖਮਨੀ ਸਾਹਿਬ ਪਾਠ ਗੈਲਰੀ ਹਾਲ ਵਿਖੇ ਸਵੇਰੇ 10:30 ਵਜੇ ਭਾਈ ਬਲਵੰਤ ਸਿੰਘ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

30 ਅਪ੍ਰੈਲ ਦਿਨ ਐਤਵਾਰ

*ਭੋਗ ਸ੍ਰੀ ਅਖੰਡ ਪਾਠ ਸਹਿਬ ਅਤੇ ਲੰਗਰ ਦੀ ਸੇਵਾ ਭਗਤ ਦੁਨੀਚੰਦ ਜੀ ਦੀ ਯਾਦ ਦੇ ਵਿੱਚ:ਸਮੂਹ ਸਾਧ ਸੰਗਤ ਪਿੰਡ ਮਹੀਆਂ ਵਾਲਾਂ।
*ਪਾਠ ਭੋਗ ਗੈਲਰੀ ਹਾਲ ਵਿਖੇ ਸਵੇਰੇ 9:30 ਵਜੇ
*ਸ੍ਰੀ ਸੁਖਮਨੀ ਸਾਹਿਬ ਪਾਠ ਗੈਲਰੀ ਹਾਲ ਵਿਖੇ ਸਵੇਰੇ 10:30 ਵਜੇ ਸ. ਭੁਪਿੰਦਰ ਸਿੰਘ ਸਮਰਾ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।
*ਸ੍ਰੀ ਸਹਿਜ ਪਾਠ ਸਾਹਿਬ ਭੋਗ ਅਤੇ ਅੰਤਿਮ ਅਰਦਾਸ ਮੇਨ ਹਾਲ ਵਿਖੇ 12:30 ਵਜੇ:ਨਮਿਤ ਸਵ. ਮਾਤਾ ਸੇਵੋ ਕੌਰ ਚੀਮਾ
ਵੱਲੋਂ ਸ. ਜਗਤ ਸਿੰਘ ਚੀਮਾ ਅਤੇ ਸਮੂਹ ਚੀਮਾ ਪਰਿਵਾਰ ਵੱਲੋਂ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਰਸ਼ਵਿੰਦਰ ਸਿੰਘ ਜਲੰਧਰ ਵਾਲੇ, ਭਾਈ ਗੁਰਦੀਪ ਸਿੰਘ ਮੁਕਤਸਰ ਸਾਹਿਬ ਵਾਲੇ
*ਕਥਾ ਵਾਚਕ -ਭਾਈ ਮੋਹਕਮ ਸਿੰਘ ਜੀ ਫਗਵਾੜੇ ਵਾਲੇ *ਢਾਡੀ ਜਥਾ:ਏਕਬਲਜੋਤ ਸਿੰਘ ਇਆਲੀ

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,
ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570
ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274, ਕਮਲਪ੍ਰੀਤ ਸਿੰਘ (ਲਾਂਗਰੀ)


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events





Capacity
350-375 seats



Dream Catering "Your Venue, Our Food"

We provide various Menu
Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca

Web:www.peacefurniture.ca